# ਜੀਵਨ ਬਦਲ ਗਏ...

(ਸੱਚੇ-ਸੁੱਚੇ ਪ੍ਰੇਰਣਾਤਮਕ ਪ੍ਰਸੰਗ ਅਤੇ
ਅਧਿਆਪਨ ਕਲਾ ਦਾ ਸੰਗ੍ਰਹਿ)

Bookpalz
Readers are Leaders
ਬੁਕਪਾਲਜ਼

**Jivan Badal Gaye...**

by

**Mohan Singh (Dr)**

098723-55945

© 2012 ਬੁਕਪਾਲਜ਼

ISBN - 978-81-923595-4-0

**ਪਹਿਲੀ ਵਾਰ**: ਸਤੰਬਰ, ੨੦੧੨

**ਭੇਟਾ : 25/-**

ਪ੍ਰਕਾਸ਼ਕ :

**ਬੁਕਪਾਲਜ਼**

3454, ਫੇਜ਼-2, ਦੁੱਗਰੀ, ਲੁਧਿਆਣਾ।

(+91) 099144-52004, 0161-6416980

bookpalz@gmail.com

**ਛਾਪਕ:**

ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

# ਤਤਕਰਾ


| | | |
|---|---|---|
| | ਦੋ ਸ਼ਬਦ | ੪ |
| ੧. | ਖਾਲਸਾ ਲਾਇਬਰੇਰੀ | ੫ |
| ੨. | ਪੜ੍ਹਾਈ ਵੀ ਜੰਗੇ-ਮੈਦਾਨ ਹੈ | ੭ |
| ੩. | ਗੱਲ ਤੁਹਾਡੀ ਮੰਨਾ ਕਿ ਗੁਰੂ ਜੀ ਦੀ? | ੯ |
| ੪. | ਅਗਲਾ ਜਨਮ | ੧੧ |
| ੫. | ਰੱਬ | ੧੫ |
| ੬. | ਦੇਹਧਾਰੀਆਂ ਨੂੰ ਮੱਥਾ ਟੇਕਣਾ | ੧੬ |
| ੭. | ਬਾਣੀ ਵਿੱਚ ਭਿਜੈ ਬਾਣੇ | ੧੮ |
| ੮. | ਅਣਕਮਾਈ ਮਾਇਆ ਦੀ ਭੇਟ | ੨੫ |
| ੯. | ਕਿਤਾਬ ਚੋਰ ਬਦਲ ਗਿਆ | ੨੭ |
| ੧੦. | ਏਹ ਕੁਟੰਬੁ ਤੂ ਜਿ ਦੇਖਦਾ | ੩੧ |
| ੧੧. | ਕੱਚਾ ਅਤੇ ਸੱਚਾ ਰਿਸ਼ਤਾ | ੩੨ |
| ੧੨. | ਬਲਸ਼ਾਲੀ ਬੀਬੀ | ੩੪ |
| ੧੩. | ਜੀਵਨ ਬਦਲ ਗਏ | ੩੭ |
| ੧੪. | ਧੰਨ ਗੁਰੂ, ਧੰਨ ਗੁਰੂ ਦੇ ਸਿੱਖ | ੪੦ |
| ੧੫. | ਨਿਸ਼ਕਾਮ ਕੀਰਤਨ - ਵਾਹ | ੪੧ |
| ੧੬. | ਸੁਣੀ ਸੁਣਾਈ ਗੱਲ ਤੋਂ ਤੋਬਾ | ੪੨ |
| ੧੭. | ਗੋਲੀ ਵਾਂਗ ਵੱਜੇ ਬਚਨ | ੪੭ |
| ੧੮. | ਸੋਹਣਾ ਮਨੁੱਖ | ੫੦ |
| ੧੯. | ਮਾਡਰਨਿਟੀ - ਪਹਿਰਾਵੇ ਵਿੱਚ ਜਾਂ ਉਚੇ ਸੁਚੇ ਵਿਚਾਰਾਂ ਵਿੱਚ | ੫੬ |
| ੨੦. | ਸ਼ੁਭਗੁਣ ਤੇ ਰੁਕਾਵਟਾਂ | ੬੦ |
| ੨੧. | ਅਸੀਂ ਕੇਸ ਉਗਾਉਂਦੇ ਨਹੀਂ... | ੬੨ |
| ੨੨. | ਗੁਰੂ ਗੋਬਿੰਦ ਸਿੰਘ ਜੀ ਤੇ ਆਰ.ਐਸ.ਐਸ | ੬੩ |
| ੨੩. | ਅਧਿਆਪਕ ਮਹਾਨ | ੬੮ |
| ੨੪. | ਆਦਰਸ਼ਕ, ਆਕਰਸ਼ਕ ਤੇ ਮਾਰਗ ਦਰਸ਼ਕ ਅਧਿਆਪਕ | ੮੦ |
| | ਵਡਿਆਈ ਵੀਜਾਤ | ੯੧ |

## ਦੋ ਸ਼ਬਦ

Mathematics ਪੜ੍ਹਨ ਵਾਲੇ ਵਿਦਿਆਰਥੀ ਡਾ. ਮੋਹਨ ਸਿੰਘ ਜੀ ਦੇ ਨਾਮ ਤੋਂ ਭਲੀ-ਭਾਂਤ ਜਾਣੂ ਹਨ। ਆਪ ਜੀ ਲੁਧਿਆਣਾ ਦੇ ਸਰਕਾਰੀ ਕਾਲਜ ਵਿਖੇ ਲੰਮਾ ਸਮਾਂ ਗਣਿਤ ਵਿਭਾਗ ਦੇ ਉੱਚ ਅਹੁਦਿਆਂ ਤੇ ਰਹੇ ਹਨ। ਕਾਲਜ ਦੇ ਬਰਸਰ ਵੀ ਰਹੇ ਹਨ। ਲੁਧਿਆਣਾ ਵਿਖੇ ਮੋਹਨ ਇੰਸਟੀਚਿਊਟ ਆਫ ਮੈਥੇਮੈਟਿਕਸ ਦਾ ਵਿਸ਼ੇਸ਼ ਸਥਾਨ ਹੈ।

ਇਸ ਤੋਂ ਵੀ ਵੱਧ ਡਾ. ਮੋਹਨ ਸਿੰਘ ਜੀ ਦੇ ਕਈ ਵਿਦਿਆਰਥੀ ਅੱਜ ਉੱਚ ਅਹੁਦਿਆਂ ਤੇ ਬੈਠੇ ਹਨ। ਕਈ ਤਾਂ, IAS, IPS, PCS ਅਫਸਰ ਹਨ। ਇਹ ਸਾਰੇ ਅੱਜ ਵੀ ਡਾ. ਸਾਹਿਬ ਦਾ ਦਿਲੋਂ ਸਤਿਕਾਰ ਕਰਦੇ ਹਨ।

ਗੱਲ ਇੱਥੇ ਹੀ ਬਸ ਨਹੀਂ। ਸਭ ਤੋਂ ਵੱਧ ਮਹੱਤਤਾ ਵਾਲੀ ਇਹ ਗੱਲ ਹੈ ਕਿ ਡਾਕਟਰ ਸਾਹਿਬ ਆਪ ਅੰਮ੍ਰਿਤਧਾਰੀ ਤੇ ਇਮਾਨਦਾਰੀ ਦੀ ਮਿਸਾਲ ਹਨ। ਗੁਰਬਾਣੀ ਦੇ ਗੁੱਝੇਭੇਦਾਂ ਦੇ ਅਨੁਭਵ ਦੇ ਰਾਹ ਦੇ ਪਾਂਧੀ ਹਨ। ਸੰਸਾਰਕ ਜਿੰਮੇਵਾਰੀਆਂ ਤੋਂ ਰਿਟਾਇਰ ਹੋ ਕੇ, ਹੁਣ ਆਪ ਨਿਰੋਲ ਪਰਉਪਕਾਰ ਦੀ ਭਾਵਨਾ ਨਾਲ ਸੇਵਾਰਤ ਰਹਿਣਾ ਚਾਹੁੰਦੇਹਨ। ਇਹ ਲੇਖ ਸੰਗ੍ਰਹਿ ਆਪ ਦੀਆਂ ਕੁਝ ਹੱਡ- ਬੀਤੀਆਂ ਹੀ ਹਨ ਜੋ ਇੱਕਦਮ ਮਨ ਨੂ ਟੁੰਬਜਾਂਦੀਆਂ ਹਨ ਤੇ ਭਰਪੂਰ ਪ੍ਰੇਰਣਾ ਤੇ ਹੁਲਾਰਾ ਦੇ ਜਾਂਦੀਆਂ ਹਨ। ਇਹਨਾਂ ਵਿੱਚ ਮਨੋ ਕਲਪਨਾ ਤੋਂ ਪ੍ਰਹੇਜ ਕੀਤਾ ਗਿਆ ਹੈ। ਬਹੁਤੀਆਂ ਘਟਨਾਵਾਂ ਨਾਂਵਾਂ ਸਮੇਤ ਇਨ ਬਿਨ ਅੰਕਤ ਕੀਤੀਆਂ ਗਈਆਂ ਹਨ।

ਆਸ ਹੈ ਪਾਠਕ ਜਨ ਇਹਨਾਂ ਨੂ ਪਸੰਦ ਕਰਨਗੇ ਤੇ ਲਾਹਾ ਲੈਣਗੇ। ਆਪ ਦੇ ਵਡਮੁੱਲੇਸੁਝਾਵਾਂ ਤੇ ਰਾਵਾਂ ਦੀ ਅਸੀਂ ਉਡੀਕ ਕਰਾਂਗੇ। 'ਸੁਕ੍ਰਿਤ ਟਰੱਸਟ' ਦੇ ਨਿਮਾਣੇ, ਪਰ ਨਿਵੇਕਲੇ, ਕਾਰਜਾਂ ਵਿੱਚ ਸਾਨੂ ਆਪ ਦੇ ਸਹਿਯੋਗ ਦੀ ਤਾਂਘ ਬਣੀ ਰਹੇਗੀ।

**ਰੇਣੁਕਾ ਸਰਬਜੀਤ ਸਿੰਘ**
09814612004
**sukrittrust@gmail.com**

1. ਖਾਲਸਾ ਲਾਇਬਰੇਰੀ

ਬਟਾਲੇ ਸਿਨੇਮਾ ਰੋਡ ਅਸੀਂ ਮਕਾਨ ਕਿਰਾਏ ਤੇ ਲੈ ਕੇ ਰਹਿੰਦੇ ਸਾਂ। ਗਲੀ ਤੋਂ ਬਾਹਰ ਬਾਜ਼ਾਰ ਵਿਚ ਨਿਕਲਦਿਆਂ ਇੱਕ ਨੁਕਰ ਵਿਚ ਟੇਲਰ ਮਾਸਟਰ ਹਰਭਜਨ ਸਿੰਘ ਦੀ ਦੁਕਾਨ ਸੀ। ਆਉਂਦਿਆਂ ਜਾਂਦਿਆਂ ਹਰਭਜਨ ਸਿੰਘ ਨਾਲ ਸਤਿ ਸ੍ਰੀ ਅਕਾਲ ਹੋ ਜਾਣੀ ਤੇ ਕਦੇ ਕਦਾਈਂ ਮੈਂ ਦੁਕਾਨ ਤੇ ਰੁਕ ਵੀ ਜਾਣਾ। ਹੌਲੀ-ਹੌਲੀ ਸਾਡਾ ਸਹਿਚਾਰ ਵੱਧਦਾ ਰਿਹਾ।

ਇੱਕ ਦਿਨ ਬਾਬਾ ਜੀ (ਸ੍ਰੀ ਗੁਰੂ ਨਾਨਕ ਦੇਵ ਜੀ) ਦੇ ਵਿਆਹ ਪੁਰਬ ਵਾਲੇ ਦਿਨ ਮੇਰਾ ਰੈਣ ਸਬਾਈ ਕੀਰਤਨ ਸਮਾਗਮ ਵਿਚ ਜਾਣ ਦਾ ਪ੍ਰੋਗਰਾਮ ਸੀ। ਰਾਤ ਦੇ ਅੱਠ ਕੁ ਵਜੇ, ਜਦੋਂ ਮੈਂ ਕੀਰਤਨ ਸਮਾਗਮ ਤੇ ਜਾਣ ਲਈ ਤਿਆਰ ਹੋ ਰਿਹਾ ਸਾਂ ਤਾਂ ਅਚਾਨਕ ਹਰਭਜਨ ਸਿੰਘ ਆਪਣੇ ਇਕ ਦੋਸਤ ਨਾਲ ਸਾਡੇ ਲਾਗਲੇ ਕਮਰੇ ਵਿਚ (ਜਿਸਦੀ ਚਾਬੀ ਸਾਡੇ ਮਕਾਨ ਮਾਲਕ ਨੇ ਉਨ੍ਹਾਂ ਨੂੰ ਦਿਤੀ ਹੋਈ ਸੀ) ਆ ਕੇ ਬੈਠ ਗਏ ਤੇ ਸ਼ਰਾਬ ਪੀਣੀ ਸ਼ੁਰੂ ਕਰ ਦਿਤੀ। ਦੋ-ਤਿੰਨ ਘੰਟੇ ਉਹ ਬੈਠੇ ਰਹੇ ਤੇ ਉੱਚੀ-ਉੱਚੀ ਬੋਲਦੇ ਰਹੇ। ਸ਼ਰਾਬ ਅਤੇ ਮੱਛੀ ਦੇ ਪਕੌੜਿਆਂ ਦੀ ਭੈੜੀ ਬਦਬੂ ਆ ਰਹੀ ਸੀ।

ਇਸ ਹਾਲਤ ਵਿਚ ਮੈਂ ਆਪਣੀ ਪਤਨੀ ਤੇ ਬੱਚਿਆਂ ਨੂੰ ਇਕਲੇ ਛੱਡ ਕੇ ਕੀਰਤਨ ਸੁਨਣ ਨਾ ਜਾ ਸਕਿਆ। ਅਗਲੇ ਦੋ ਤਿੰਨ ਦਿਨ ਮੈਂ ਹਰਭਜਨ ਸਿੰਘ ਨੂੰ ਨਾ ਬੁਲਾਇਆ, ਨਾ ਉਸ ਵੱਲ ਵੇਖਿਆ ਤੇ ਨਾ ਹੀ ਉਸਦੀ ਦੁਕਾਨ ਤੇ ਰੁਕਿਆ। ਮਨ ਵਿਚ ਸੋਚ ਲਿਆ ਕਿ ਐਸੇ ਸ਼ਰਾਬੀ ਕਬਾਬੀ ਬੰਦੇ ਤੋਂ ਦੂਰ ਹੀ ਰਹਿਣਾ ਚੰਗਾ ਹੈ। ਚੌਥੇ ਦਿਨ ਹਰਭਜਨ ਸਿੰਘ ਹੱਥ ਜੋੜੀ ਮੇਰੇ ਸਾਹਮਣੇ ਖੜਾ ਸੀ, "ਪ੍ਰੋ: ਸਾਹਿਬ, ਮੁਆਫ ਕਰ ਦਿਓ ਗਲਤੀ ਹੋ ਗਈ ਹੈ।" ਮੇਰੇ ਕੁਝ ਕਹਿਣ ਤੋਂ ਪਹਿਲਾਂ ਫਿਰ ਬੋਲਿਆ, "ਮੈਨੂੰ ਪੰਤਾ ਹੈ ਜਿਸ ਗਲੋਂ ਤੁਸੀਂ ਨਰਾਜ਼ ਹੋਏ ਹੋ, ਮੈਂ ਵਾਅਦਾ ਕਰਦਾ ਹਾਂ ਤੇ ਕਸਮ ਖਾਂਦਾ ਹਾਂ ਕਿ ਮੈਂ ਮੁੜ ਕਦੇ ਸ਼ਰਾਬ ਨਹੀਂ ਪੀਵਾਂਗਾ।"

ਨਹੀਂ, ਹਰਭਜਨ ਸਿੰਘ ਇਹ ਕੇਵਲ ਕਹਿਣ ਦੀਆਂ ਗੱਲਾਂ ਨੇ, ਭੈੜੀਆਂ ਆਦਤਾਂ ਕਾਹਨੂੰ ਛੁੱਟਦੀਆਂ, ਅੱਜ ਤੂੰ ਮੇਰੇ ਕਰਕੇ ਮੰਨਦਾ ਹੈ ਕੱਲ੍ਹ ਨੂੰ ਫਿਰ ਤੇਰਾ ਉਹੀ ਦੋਸਤ ਆਵੇਗਾ ਤੇ ਤੁਸੀਂ ਪੀਣ ਬੈਠ ਜਾਓਗੇ।" "ਪ੍ਰੋ: ਸਾਹਿਬ ਮੈਂ ਉਸ ਨਾਲ ਦੋਸਤੀ ਛੱਡ ਦੇਣੀ ਹੈ" "ਤਾਂ ਫਿਰ ਇਸ ਬੀਮਾਰੀ ਦਾ ਪੱਕਾ ਇਲਾਜ ਕਰ।" "ਜੀ ਪੱਕਾ ਇਲਾਜ ਕੀ ਹੈ?"

ਇਸ ਵੇਰ ਹਰਭਜਨ ਸਿੰਘ ਦੇ ਬੋਲਾਂ ਵਿਚ ਅੱਤ ਦਰਜੇ ਦੀ ਹਲੇਮੀ ਤੇ ਸਮਰਪਣ ਸੀ। "ਪੱਕਾ ਇਲਾਜ ਹੈ – ਅੰਮ੍ਰਿਤ ਛੱਕ ਕੇ ਸਿੰਘ ਸੱਜ" ਇੰਨੀ ਗੱਲ ਕਹਿ ਕੇ ਮੈਂ ਸਤਿ ਸ੍ਰੀ ਅਕਾਲ ਬੁਲਾ ਕੇ ਤੁਰ ਪਿਆ। "ਚਲੋ ਸ਼ੁਕਰ ਹੈ, ਤੁਸਾਂ ਸਤਿ ਸ੍ਰੀ ਅਕਾਲ ਤਾਂ ਬੁਲਾਈ ਹੈ ਨਾ।" ਜਾਂਦਿਆਂ ਜਾਂਦਿਆਂ ਹਰਭਜਨ ਸਿੰਘ ਦੇ ਇਹ ਲਫ਼ਜ ਮੇਰੇ ਕੰਨੀ ਪਏ।

ਹਫਤੇ ਬਾਅਦ ਹਰਭਜਨ ਸਿੰਘ ਨੇ ਅੰਮ੍ਰਿਤ ਛੱਕ ਕੇ ਆਣ ਫਤਹਿ ਗਜਾਈ। ਹਰਭਜਨ ਸਿੰਘ ਤੇ ਸਿੱਖੀ ਦਾ ਗੂੜ੍ਹਾ ਰੰਗ ਪ੍ਰਤਖ ਨਜ਼ਰ ਆ ਰਿਹਾ ਸੀ, ਕਹਿਣ ਲੱਗਾ ਸਿਖ ਧਰਮ ਬਾਰੇ ਮੈਨੂੰ ਜਿਆਦਾ ਪਤਾ ਨਹੀਂ ਹੈ, ਪੀਣ ਪਿਆਉਣ ਦਾ ਕੰਮ ਛੱਡ ਦਿਤਾ ਹੈ, ਗੁਰੂ ਜੀ ਨੇ, ਪੰਜਾਂ ਪਿਆਰਿਆਂ ਦੇ ਰੂਪ ਵਿਚ, ਹੁਕਮ ਕੀਤਾ ਹੈ ਕਿ ਮਾੜਾ ਕਰਮ ਕੋਈ ਕਰਨਾ ਨਹੀਂ, ਸਮਾਂ ਮੇਰੇ ਕੋਲ ਬਹੁਤ ਹੈ, ਦਸੋ ਹੁਣ ਕੀ ਕਰਾਂ? ਮੈਂ ਹਰਭਜਨ ਸਿੰਘ ਨੂੰ ਦੋ ਧਾਰਮਿਕ ਪੁਸਤਕਾਂ ਦੇ ਕੇ ਕਿਹਾ, ਲੈ, ਇਹ ਪੜ੍ਹਿਆ ਕਰ। ਤੀਜੇ ਦਿਨ ਹਰਭਜਨ ਸਿੰਘ ਫਿਰ ਆ ਗਿਆ।

"ਜੀ, ਉਹ ਤਾਂ ਮੈਂ ਪੜ੍ਹ ਲਈਆਂ ਹਨ, ਬਹੁਤ ਵਧੀਆਂ ਨੇ, ਹੋਰ ਦਿਓ।" ਹਫਤੇ ਬਾਅਦ ਹਰਭਜਨ ਸਿੰਘ ਨੇ ਫਿਰ ਫਤਹਿ ਆ ਗਜਾਈ। "ਇਹ ਕਿਤਾਬਾਂ ਤਾਂ ਬਹੁਤ ਹੀ ਚੰਗੀਆਂ ਨੇ, ਮੈਂ ਸੋਚਦਾ ਹਾਂ ਜਿਵੇਂ ਇਨ੍ਹਾਂ ਦਾ ਮੇਰੇ ਤੇ ਬੜਾ ਚੰਗਾ ਪ੍ਰਭਾਵ ਪੈ ਰਿਹਾ ਹੈ ਜੇ

ਹੋਰਾਂ ਨੂ ਪੰੜ੍ਹਾਈਏਤੇ ਉਨ੍ਹਾਂ ਤੇ ਵੀ ਚੰਗਾ ਅਸਰ ਪਵੇਗਾ। ਜੇ ਤੁਸੀਂ ਆਗਿਆ ਦੇਵੋ ਤਾਂ ਮੈਂ ਦੁਕਾਨ ਤੇ ਆਉਂਦੇ ਜਾਂਦੇ ਗਾਹਕਾਂ ਨੂ ਤੈ ਹੋਰ ਵਾਕਫਕਾਰਾਂ ਨੂ ਇਹ ਪੁਸਤਕਾਂ ਪੜ੍ਹਨਨੂ ਦੋ ਦਿਆਂ ਕਰਾਂ।"

ਮੈਂ ਜ਼ਜ਼ਬਾਤੀ ਹੋ ਕੇ ਹਰਭਜਨ ਸਿੰਘ ਨੂ ਘੁਟ ਕੇ ਗਲਵਕੜੀ ਵਿਚ ਲਿਆ ਤੇ ਮੇਰੇ ਪਾਸ ਉਸ ਸਮੇਂ ਜਿੰਨੀਆਂ ਵੀ 40-50 ਧਾਰਮਿਕ ਪੁਸਤਕਾਂ ਸਨ, ਹਰਭਜਨ ਸਿੰਘ ਦੇ ਹਵਾਲੇ ਕਰ ਦਿਤੀਆਂ ਤੇ ਇਸ ਤਰ੍ਹਾਂ ਖਾਲਸਾ ਲਾਇਬਰੇਰੀ ਸਥਾਪਤ ਹੋ ਗਈ। ਹਰਭਜਨ ਸਿੰਘ ਆਪਣੀ ਸਾਰੀ ਜ਼ਿੰਦਗੀ ਖਾਲਸਾ ਲਾਇਬਰੇਰੀ ਰਾਹੀਂ ਸਿੱਖੀ ਪ੍ਰਚਾਰ ਦੀ ਸੇਵਾ ਵਿਚ ਜੁਟਿਆ ਰਿਹਾ।

## 2. ਪੜ੍ਹਾਈਵੀ ਜੰਗੇ-ਮੈਦਾਨ ਹੈ

ਜਦ ਮੈਂ ਸਰਕਾਰੀ ਕਾਲਜ (ਰਾੜਾ ਸਾਹਿਬ) ਵਿਖੇ ਕਾਲਜ ਅਧਿਆਪਕ ਵਜੋਂ ਸੇਵਾ ਨਿਭਾ ਰਿਹਾ ਸਾਂ ਤਾਂ ਸਤੰਬਰ 1979 ਵਿਚ ਯੂ.ਜੀ.ਸੀ. ਦੇ ਫੈਕਲਟੀ ਇੰਪਰੂਵਮੈਂਟ ਪ੍ਰੋਗਰਾਮ ਅਧੀਨ ਜੰਮੂ ਯੂਨੀਵਰਸਿਟੀ ਦੇ ਮੈਥੇਮੈਟਿਕਸ ਵਿਭਾਗ ਵਿਚ ਮੇਰੀ ਐਮ.ਫਿਲ ਕਰਨ ਲਈ ਸੀਲੈਕਸ਼ਨ, ਟੀਚਰ ਫੈਲੋ ਵਜੋਂ ਹੋ ਗਈ।

ਜੰਮੂ ਯੂਨੀਵਰਸਿਟੀ ਦੇ ਮੈਥੇਮੈਟਿਕਸ ਵਿਭਾਗ ਵਿਚ ਸੱਤ ਟੀਚਰ ਫੈਲੋ ਸਨ- ਇੱਕ ਯੂ.ਪੀ. ਤੋਂ, ਦੋ ਮਹਾਂਰਾਸ਼ਟਰ ਤੋਂ, ਤਿੰਨ ਤਾਮਿਲਨਾਡੂ ਤੋਂ ਤੇ ਇਕ ਮੈਂ ਪੰਜਾਬ ਤੋਂ। ਸਮਝਿਆਂ ਜਾਂਦਾ ਸੀ ਕਿ ਇਕ ਸਾਲ ਬਾਅਦ ਸਤ ਟੀਚਰ ਫੈਲੋਜ਼ ਵਿਚੋਂ ਕੇਵਲ ਇਕ ਨੂੰ ਪੀ.ਐਚ.ਡੀ. ਕਰਨ ਵਾਸਤੇ ਚੁਣਿਆ ਜਾਏਗਾ। ਬਾਕੀ ਦੇ ਐਮ.ਫਿਲ ਕਰਨ ਉਪਰੰਤ ਆਪੋ-ਆਪਣੇ ਕਾਲਜ ਵਾਪਸ ਚਲੇ ਜਾਣਗੇ।

ਮੇਰਾ ਪੀ.ਐਚ. ਡੀ ਕਰਨ ਦਾ ਕੋਈ ਇਰਾਦਾ ਨਹੀਂ ਸੀ। ਪਰ ਇਕ ਦਿਨ ਲਾਇਬਰੇਰੀ ਵਿਚ ਗੱਲਾਂ ਹੋ ਰਹੀਆਂ ਸਨ। ਮੈਂ ਲਾਇਬਰੇਰੀ ਵਿਚ ਅਲਮਾਰੀਆਂ ਨਾਲ ਬਣੀ ਪਾਰਟੀਸ਼ਨ ਦੀ ਇੱਕ ਨੁਕਰ ਵਿੱਚ ਓਹਲੇ ਬੈਠ ਕੇ ਪੜ੍ਹ ਰਿਹਾ ਸਾਂ ਮੇਰੇ ਸਾਥੀ ਸ਼ਾਇਦ ਮੇਰੀ ਗੈਰਹਾਜ਼ਰੀ ਵਿਚ ਗੱਲਾਂ ਕਰ ਰਹੇ ਸਨ ਜੋ ਕਿ ਮੈਂ ਸਪੱਸ਼ਟ ਸੁਣ ਰਿਹਾ ਸਾਂ। ਕਹਿ ਰਹੇ ਸਨ, "Sardar ji is alright, competition is among we six persons we six persons, sardar people are only good in battle field, study is, perhaps, not their game" . ਭਾਵ "ਸਰਦਾਰ ਜੀ ਤਾਂ ਠੀਕ ਠਾਕ ਹਨ, ਮੁਕਾਬਲਾ ਸਾਡੇ ਛੇਆਂ ਵਿਚ ਹੈ, ਸਰਦਾਰ ਲੋਕ ਮੈਦਾਨੇ ਜੰਗ ਵਿਚ ਹੀ ਵਧੀਆਂ ਹੁੰਦੇਹਨ, ਪੜ੍ਹਾਈਇਨ੍ਹਾਂ ਦੇ ਵੱਸ ਦੀ ਖੇਡ ਨਹੀਂ ਹੈ।"

ਇਨ੍ਹਾਂ ਲਫਜਾਂ ਨੇ ਜਿਵੇਂ ਮੈਨੂ ਚੀਰ ਕੇ ਰੱਖ ਦਿਤਾ। ਅੱਛਾ! ਤਾਂ ਇਹ ਸਮਝਦੇ ਹਨ ਕਿ ਸਰਦਾਰ (ਸਿੱਖ) ਬੁੱਧੂਹੀ ਹੁੰਦੇਹਨ। ਮੈਂ ਲਾਇਬਰੇਰੀ ਵਿਚ ਹੋਰ ਨਾ ਬੈਠ ਸਕਿਆ। ਘਰ ਆ ਕੇ ਸਾਰੀ ਗੱਲ ਆਪਣੀ ਪਤਨੀ ਨਾਲ ਸਾਂਝੀ ਕੀਤੀ ਤੇ ਉਨ੍ਹਾਂ ਨੇ ਸਾਰੀਆਂ ਘਰੇਲੂ ਜਿੰਮੇਵਾਰੀਆਂ ਤੋਂ ਮੈਨੂ (ਫਰੀ) ਵਿਹਲਾ ਕਰ ਦਿਤਾ। ਅਸੀਂ ਦੋਵਾਂ ਨੇ ਇਕ ਤਰ੍ਹਾਂ ਦਾ ਮਤਾ ਬਣਾ ਲਿਆ ਕਿ ਇਹਨਾਂ ਨੂੰ ਦਸਣਾ ਹੈ ਕਿ ਸਰਦਾਰ (ਸਿੱਖ) ਬੁੱਧੂਨਹੀਂ ਹਨ, ਜੇ ਉਹ ਮੈਦਾਨੇ ਜੰਗ ਵਿਚ ਵਧੀਆ ਹਨ ਤਾਂ ਪੜ੍ਹਾਈਵਿਚ ਵੀ ਕਿਸੇ ਤੋਂ ਪਿਛੇ ਨਹੀਂ ਹਨ। ਸ਼ਾਮ ਨੂੰ ਰਹਿਰਾਸ ਸਾਹਿਬ ਜੀ ਦੇ ਪਾਠ ਤੋਂ ਬਾਅਦ ਬੜੀ ਵੈਰਾਗ ਮਈ ਅਰਦਾਸ ਹੋਈ "ਸਚੇ ਪਾਤਸ਼ਾਹ,ਮੈਂ

ਗਰੀਬ ਕੋਣ ਹਾਂ, ਤੁਸੀਂ ਆਪ ਹੀ ਲਾਜ ਰੱਖਣੀ।" ਕਈ ਭਾਵ ਭਿੰਨੇ ਸ਼ਬਦ ਆਪ ਮੁਹਾਰੇ ਮੂੰਹੋਂਨਿਕਲੇ ਜੋ ਹੁਣ ਯਾਦ ਨਹੀਂ ਆ ਰਹੇ।

ਬੱਸ ਫਿਰ ਗੁਰੂ ਜੀ ਦੀ ਓਟ ਲੈ ਕੇ ਸ਼ੁਰੂ ਹੋ ਗਿਆ ਮੋਰਚਾ। ਪਹਿਲੇ ਸਮੈਸਟਰ ਦਾ ਨਤੀਜਾ ਆਇਆ। ਸੱਤਾਂ ਵਿਚੋਂ ਸਾਡੇ ਚਾਰਾਂ ਦਾ ਓ ਗਰੇਡ ਸੀ। (ਓ ਗਰੇਡ 80% ਤੋਂ ਉਪਰ ਦਾ ਮਤਲਬ "ਆਊਟ ਸਟੈਡਟਿੰਗ" ) ਅਜੇ ਵੀ ਮੇਰੇ ਸਾਥੀਆਂ ਨੂੰ ਲੱਗ ਰਿਹਾ ਸੀ ਕਿ ਸ਼ਾਇਦ ਪੇਪਰਾਂ ਵਿਚੋਂ ਮੇਰੇ ਨੰਬਰ ਘੱਟ ਹੋਣਗੇ ਤੇ ਉਨ੍ਹਾਂ ਦੇ ਵੱਧ ਹੋਣਗੇ। ਹੈਡ ਆਫ ਦੀ ਡੀਪਾਰਟਮੈਂਟ ਨੂੰ ਬੇਨਤੀ ਕਰਕੇ ਯੂਨੀਵਰਸਿਟੀ ਤੋਂ ਪੂਰਾ ਵਿਸਥਾਰਤ ਨਤੀਜਾ ਪ੍ਰਾਪਤ ਕੀਤਾ ਗਿਆ ਤਾਂ ਸਭ ਹੈਰਾਨ ਰਹਿ ਗਏ ਕਿ ਦਾਸ (ਮੇਰੇ) ਦੇ ਨੰਬਰ ਸਭ ਤੋਂ ਵੱਧ ਸਨ। ਤਿੰਨ ਪੇਪਰਾਂ ਵਿਚੋਂ 100% ਤੇ ਇਕ ਵਿਚੋਂ 98%।

ਓਧਰ ਹੈਡ ਸਾਹਿਬ ਨੇ ਸਾਫ ਕਹਿ ਦਿਤਾ ਕਿ ਸਰਦਾਰ ਜੀ ਨੂੰ ਪੀ.ਐਚ.ਡੀ. ਕਰਨ ਵਾਸਤੇ ਜਰੂਰ ਸੀਲੈਕਟ ਕਰ ਲਿਆ ਜਾਵੇਗਾ। ਇਹ ਸਭ ਗੁਰੂ ਸਾਹਿਬ ਦੀ ਮਿਹਰ ਸਦਕਾ ਹੀ ਹੋਇਆ, ਨਹੀ ਤਾਂ ਮੇਰੇ ਵਰਗੇ ਪੇਂਡੂ ਗਰੀਬ ਬੁੱਧੂਨੂੰ ਕੌਣ ਪੁਛਦਾ ਸੀ।

## 3. ਗੱਲ ਤੁਹਾਡੀ ਮੰਨਾ ਕਿ ਗੁਰੂ ਜੀ ਦੀ?

ਸੰਤੋਖ ਸਿੰਘ ਧੀਰ ਮਸ਼ਹੂਰ ਪੰਜਾਬੀ ਲੇਖਕ ਕਾਲਜ ਵਿਦਿਆਰਥੀਆਂ ਨੂੰ ਸੰਬੋਧਤ ਹੋਣ ਤੋਂ ਬਾਅਦ ਚਾਹ ਪੀਣ ਸਮੇਂ ਕਾਲਜ ਦੇ ਅਧਿਆਪਕਾਂ ਨਾਲ ਗੱਲਾਂ ਕਰ ਰਹੇ ਸਨ। ਮੇਰੇ ਨਾਲ ਵੀ ਉਨ੍ਹਾਂ ਦੀ ਥੋੜੀ ਬਹੁਤੀ ਗੱਲਬਾਤ ਹੋਈ। ਉਨ੍ਹਾਂ ਨੇ ਆਪਣਾ ਪ੍ਰੋਗਰਾਮ ਬਦਲਕੇ ਮੇਰੇ ਪਾਸ ਰਾਤ ਠਹਿਰਨ ਦੀ ਇੱਛਾ ਪ੍ਰਗਟ ਕੀਤੀ ਜੋ ਮੈਂ ਖੁਸ਼ੀ ਨਾਲ ਆਪਣੇ ਧੰਨ ਭਾਗ ਸਮਝਦੇ ਹੋਏ ਮੰਨ ਲਈ।

ਗਰਮੀ ਦੇ ਦਿਨ ਸਨ, ਘਰ ਪਹੁੰਚਕੇ ਇਸ਼ਨਾਨ ਪਾਣੀ ਕਰਕੇ ਅਸੀਂ ਗੱਲਾਂ ਕਰਨ ਲੱਗ ਪਏ ਤੇ ਮੇਰੀ ਪਤਨੀ ਲੰਗਰ ਪਾਣੀ ਤਿਆਰ ਕਰਨ ਦੀ ਸੇਵਾ ਵਿਚ ਲੱਗ ਗਈ। ਧੀਰ ਸਾਹਿਬ ਨੇ ਲੰਬਾ ਲੈਕਚਰ ਦੇ ਕੇ ਮੇਰਾ ਦਿਮਾਗ ਸਾਫ ਕਰਨ ਦੀ ਕੋਸ਼ਿਸ਼ ਕੀਤੀ। ਉਹਨਾਂ ਦਾ ਸਾਰਾ ਜ਼ੋਰ ਇਸ ਗੱਲ ਤੇ ਸੀ ਕਿ ਰੱਬ (ਪ੍ਰਮਾਤਮਾ) ਨਾਮ ਦੀ ਕਿਸੇ ਚੀਜ਼ ਦਾ ਕੋਈ ਵਜੂਦ ਨਹੀਂ ਹੈ ਇਹ ਸਾਡਾ ਨਿਰਾ ਭਰਮਜਾਲ ਹੈ, ਉਨ੍ਹਾਂ ਨੇ ਆਪਣੇ ਵੱਲੋਂ ਬੜੀਆਂ ਨਿਗਰ ਦਲੀਲਾਂ ਦੇਣ ਦੀ ਕੋਸ਼ਿਸ਼ ਕੀਤੀ। ਮੈਨੂੰ ਬਾਰ-ਬਾਰ ਸਮਝਾ ਰਹੇ ਸਨ ਕਿ ਤੁਸੀਂ ਤਾਂ ਮੈਥੇਮੈਟਿਕਸ ਦੇ ਟੀਚਰ ਹੋ ਤੁਹਾਨੂੰ ਰੱਬ ਨੂੰ ਬਿਲਕੁਲ ਨਹੀਂ ਮੰਨਣਾ ਚਾਹੀਦਾ।

ਮੈਂ ਹੈਰਾਨ ਪ੍ਰੇਸ਼ਾਨ ਸਾਂ ਕਿ ਇਸ ਬਹੁਤ ਵੱਡੇ ਮੰਨੇ ਜਾਂਦੇ ਵਿਦਵਾਨ ਨੂੰ ਮੈਂ ਕੀ ਕਹਾਂ? ਮਨ ਹੀ ਮਨ ਵਿਚ ਮੈਂ ਅਰਦਾਸ ਕੀਤੀ ਕਿ ਹੇ ਰੱਬ ਜੀ (ਜੇ ਤੂੰਹੈ ਤਾਂ) ਮੈਨੂੰ ਧੀਰ ਸਾਹਿਬ ਨੂੰ ਜੰਵਾਬ ਦੇਣ ਦਾ ਬਲ, ਬੁੱਧੀਤੇ ਹਿੰਮਤ ਬਖਸ਼ੋ। ਖਾਣਾ ਖਾਣ ਤੀਕ ਧੀਰ ਸਾਹਿਬ ਬੇਰੋਕ ਬੋਲਦੇ ਜਾ ਰਹੇ ਸਨ।

ਖਾਣੇ ਤੋਂ ਪਿਛੇ ਮੈਂ ਬੜੀ ਹਲੇਮੀ ਨਾਲ ਕਹਿਣਾ ਸ਼ੁਰੂ ਕੀਤਾ, "ਧੀਰ ਸਾਹਿਬ ਜੀ ਆਪ ਬੜੇ ਵੱਡੇ ਵਿਦਵਾਨ ਹੋ, ਮੇਰੇ ਨਾਲੋਂ ਉਮਰ ਵਿਚ ਵੀ ਵੱਡੇ ਹੋ ਤੇ ਤੁਹਾਡਾ ਜ਼ਿੰਦਗੀ ਦਾ ਤਜ਼ਰਬਾ ਵੀ ਮੇਰੇ ਤੋਂ ਕਿਤੇ ਵੱਧ ਹੈ। ਮੈਂ ਛੋਟਾ ਹਾਂ, ਅਲ੍ਹੜ ਅਨਾੜੀ, ਤੇ ਮੈਥੇਮੈਟਿਕਸ ਦੇ ਸਵਾਲ ਕੱਢਣ ਤੋਂ ਬਿਨ੍ਹਾਂ ਕੁਝ ਨਹੀਂ ਜਾਣਦਾ। ਤੁਸੀਂ ਕਹਿੰਦੇ ਹੋ ਰੱਬ ਹੈ ਨਹੀਂ ਪਰ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਰੱਬ ਹੈ।

ਧੀਰ ਸਾਹਿਬ ਗੱਲਾਂ ਵਿਚ ਤਾਂ ਮੈਂ ਤੁਹਾਡੇ ਨਾਲ ਵਾਰੇ ਨਹੀਂ ਆ ਸਕਦਾ, ਪਰ ਤੁਸੀਂ ਚੰਗੀ ਤਰ੍ਹਾਂ ਸੋਚ ਕੇ ਮੈਨੂ ਸੁਝਾਅ ਦੇਵੋ ਕਿ ਮੈਂ ਤੁਹਾਡੀ ਗੱਲ ਮੰਨਾਂ ਕਿ ਗੁਰੂ ਨਾਨਕ ਦੇਵ ਜੀ ਦੀ ਮੰਨਾਂ।"

ਧੀਰ ਸਾਹਿਬ ਨੂ ਕੋਈ ਜਵਾਬ ਨਹੀਂ ਸੀ ਸੁਝ ਰਿਹਾ। ਓੜਕ ਉਨ੍ਹਾਂ ਨੂ ਕਹਿਣਾ ਪਿਆ ਗੁਰੂ ਨਾਨਕ ਦੇਵ ਜੀ ਦੇ ਮੁਕਾਬਲੇ ਮੈਂ ਤੁਹਾਨੂ ਆਪਣੀ ਗੱਲ ਮੰਨਣ ਲਈਂ ਨਹੀਂ ਕਹਿ ਸਕਦਾ।

ਅਸਲ ਵਿਚ ਧੀਰ ਸਾਹਿਬ ਮੈਨੂ ਸਿਖੀ ਵਿਚਾਰਧਾਰਾ ਨਾਲੋਂ ਤੋੜ ਕੇ ਕਮਿਊਨਿਸਟ ਵਿਚਾਰਧਾਰਾ ਨਾਲ ਜੋੜਨਾ ਚਾਹੁੰਦੇਸਨ। ਗੁਰੂ ਸਾਹਿਬ ਨੇ ਮੇਰੀ ਅਰਦਾਸ ਸੁਣੀ ਤੇ ਮੇਰੀ ਸਧਾਰਨ ਜਿਹੀ ਦਲੀਲ ਡਾਢੀ ਕਾਰਗਰ ਸਾਬਤ ਹੋਈ।

4. ਅਗਲਾ ਜਨਮ

ਜੰਮੂ ਰਹਿੰਦਿਆਂ ਇਕ ਕਮਿਉਨਿਸਟ ਵਿਚਾਰਧਾਰਾ ਵਾਲੇ (ਕਾਮਰੇਡ) ਸੱਜਣ ਨਾਲ ਮੇਰਾ ਸੰਪਰਕ ਹੋ ਗਿਆ। ਉਨ੍ਹਾਂ ਨਾਲ ਕਈ ਵੇਰ ਵਿਚਾਰ ਚਰਚਾ ਤੇ ਬਹਿਸ ਹੋਈ। ਦੋ ਖਾਸ ਵਾਕਿਆਤ ਜੋ ਮੈਨੂ ਚੰਗੀ ਤਰ੍ਹਾਂ ਯਾਦ ਹਨ, ਨਿਮਨ ਅਰਜ਼ ਕਰਦਾ ਹਾਂ:-

ਕਾਮਰੇਡ ਦੋਸਤ ਮੈਨੂ ਕਹਿ ਰਹੇ ਸਨ ਕਿ ਇਸ ਜਨਮ (ਜੀਵਨ) ਤੋਂ ਬਾਅਦ ਹੋਰ ਕੋਈ ਜਨਮ ਵਾਲੀ ਗੱਲ ਬਿਲਕੁਲ ਕੋਰਾ ਝੂਠ ਹੈ। ਤੁਹਾਡਾ ਕੀ ਵਿਚਾਰ ਹੈ?

ਦਾਸ – ਮੇਰੇ ਵਿਚਾਰ ਦਾ ਸੁਆਲ ਹੀ ਨਹੀਂ ਹੈ, ਗੁਰਬਾਣੀ ਅਗਲੇ ਪਿਛਲੇ ਜਨਮ ਦੇ ਸਿਧਾਂਤ ਨੂ ਮੰਨਦੀ ਹੈ ਤੇ ਮੇਰਾ ਵਿਚਾਰ ਉਹੀ ਹੈ ਜੋ ਗੁਰਬਾਣੀ ਦਾ ਹੈ।

ਕਾ. ਦੋ – ਇਹ ਆਪ ਦੇ ਵਿਚਾਰ ਪਿਛਾਂਹ ਖਿਚੂ (backward) ਹਨ। ਆਪ ਮੈਥੇਮੈਟਿਕਸ ਦੇ ਵਿਦਿਆਰਥੀ ਹੋ ਜੋ ਦਲੀਲ/ਸਬੂਤ ਤੋਂ ਬਿਨਾਂ ਕੋਈ ਗੱਲ ਨਹੀਂ ਮੰਨਦੇ। ਕੀ ਆਪ ਇਸ ਗੱਲ ਦਾ ਸਬੂਤ (proof) ਦੇ ਸਕਦੇ ਹੋ ਕਿ ਇਸ ਜਨਮ ਤੋਂ ਬਾਅਦ ਅਗਲਾ ਜਨਮ ਹੁੰਦਾਹੈ।

ਮੈਨੂ ਕਾਮਰੇਡ ਦੋਸਤ ਨੇ ਇੱਕ ਤਰ੍ਹਾਂ ਨਿਰ ਉੱਤਰ ਕਰ ਦਿਤਾ।

ਕਾ. ਦੋ. - ਮਜ਼ਾਕ ਕਰਦੇ ਹੋਏ ਬੋਲੇ - ਕੋਈ ਨਹੀਂ ਕੱਲ੍ਹ ਨੂ ਸਬੂਤ ਤਿਆਰ ਕਰਕੇ ਲੈ ਆਉਣਾ। ਇਸ ਨੂ ਮੇਰੇ ਵਾਲੋਂ ਦਿਤੀ ਐਕਸਰਸਾਈਜ਼ ਜਾਂ ਹੋਮ ਅਸਾਇਨੀਮੈਂਟ ਸਮਝ ਲੈਣਾ।

ਮੈਂ ਥੋੜਾ ਬਹੁਤ ਸੋਚਦਾ ਰਿਹਾ ਪਰ ਸਬੂਤ ਵਜੋਂ ਕੋਈ ਦਲੀਲ ਨਾ ਦੇ ਸਕਿਆ। ਅਗਲੇ ਦਿਨ ਫਿਰ ਗੱਲਬਾਤ ਸ਼ੁਰੂ ਹੋਈ।

ਕਾ.ਦੋ. – ਕੀ ਬਣਿਆ, ਮੇਰੀ ਵੱਲੋਂ ਦਿਤੀ ਗਈ ਅਸਾਈਨਮੈਂਟ ਦਾ।

ਦਾਸ – ਕੁਝ ਨਹੀਂ ਬਣਿਆ, ਮੇਰੇ ਪਾਸ ਕੋਈ ਸਬੂਤ ਨਹੀਂ ਹੈ।

ਕਾ. ਦੋ – ਸਬੂਤ ਹੈ ਹੀ ਨਹੀਂ ਹੈ। ਜੋ ਮੈਂ ਕਹਿੰਦਾ ਹਾਂ ਉਹੀ ਠੀਕ ਹੈ।

ਦਾਸ- ਕੱਲ੍ਹ ਤੁਸੀਂ ਮੈਨੂ ਐਕਸਰਸਾਈਜ਼ ਦਿਤੀ ਸੀ। ਅੱਜ ਮੈਂ ਤਾਹਨੂ ਐਕਸਰਸਾਈਜ਼ ਦੇ ਰਿਹਾ ਹਾਂ "ਸਿਧ ਕਰੋ ਕੇ ਇਸ ਜਨਮ ਤੋਂ ਬਾਅਦ ਅਗਲਾ ਕੋਈ ਜਨਮ ਨਹੀਂ ਹੁੰਦਾ"

ਕਾ.ਦੋ. – ਇਹ ਤਾਂ ਸਾਫ ਹੀ ਹੈ ਸਬੂਤ ਦੀ ਕੀ ਲੋੜ ਹੈ।

ਦਾਸ – ਸਾਫ ਕਿਵੇਂ ਹੈ? ਸਬੂਤ ਦੀ ਕਿਉਂ ਨਹੀਂ ਲੋੜ?

ਕਾ.ਦੋ – ਜ਼ਰਾ ਰੁਕ ਕੇ – ਸਬੂਤ ਤਾਂ ਨਹੀਂ ਦਿਤਾ ਜਾ ਸਕਦਾ।

ਦਾਸ – ਜੇ "ਅਗਲਾ ਜਨਮ ਹੈ ਜਾਂ ਨਹੀਂ" ਦਾ ਕੋਈ ਮੈਥੇਮੈਟੀਕਲ ਸਬੂਤ ਨਹੀਂ ਦਿਤਾ ਜਾ ਸਕਦਾ ਤਾਂ ਫਿਰ ਗੁਰੂ ਨਾਨਕ ਦੇਵ ਜੀ ਸਾਡੇ ਦੋਹਾਂ ਤੋਂ ਵੱਡੇ ਤੇ ਕਿਤੇ ਵੱਧ ਸਿਆਣੇ ਹਨ। ਕਿਉਂ ਨਾ, ਮੈਂ ਗੁਰੂ ਨਾਨਕ ਦੇਵ ਜੀ ਅਨੁਸਾਰ ਮੰਨਣਾ ਕਰਾਂ? ਜੇ ਤੁਹਾਡੇ ਪਾਸ ਕੋਈ ਵਿਰੋਧ ਵਿਚ ਕਹਿਣ ਨੂ ਹੈ ਤਾਂ ਨਿਸੰਗ ਕਹੋ।

ਹੁਣ ਕਾਮਰੇਡ ਦੋਸਤ ਪਾਸ ਕੋਈ ਜਵਾਬ ਨਹੀਂ ਸੀ। ਨੀਵੀਂ ਪਾਈ ਉਹ ਇਤਨਾ ਹੀ ਕਹਿ ਸਕਿਆ "ਚਲੋ, ਠੀਕ ਹੈ, ਜਿਵੇਂ ਤੁਸੀਂ ਕਹਿੰਦੇ ਹੋ।"

## ਸ਼ਰਾਰਤੀ ਸਵਾਲ

ਇਕ ਦਿਨ ਮੇਰੇ ਉਹੀ ਕਾਮਰੇਡ ਦੋਸਤ ਨੇ ਹੱਥ ਮਿਲਾ ਕੇ ਕਿਹਾ, ਯਾਰ ਅੱਜ ਮੈਂ ਤੈਨੂ ਇਕ ਸਵਾਲ ਪੁਛਣਾ ਹੈ ਜਿਸਦਾ ਜਵਾਬ ਤੂੰ ਨਹੀਂ ਦੇ ਸਕੇਂਗਾ। "ਪੁਛ ਲੈ, ਭਰਾਵਾ, ਤੂੰ ਰੋਜ਼ ਕੋਈ ਪੁਠਾ ਸਿਧਾ ਸੋਚ ਕੇ ਨਾਲੇ ਆਪ ਔਖਾ ਹੁੰਦਾਹਾਂ ਤੇ ਮੈਨੂ ਵੀਂ ਔਖਿਆਂ ਕਰਦਾ ਰਹਿੰਦਾ ਹੈ, ਪਤਾ ਨਹੀਂ, ਤੈਨੂ ਕੀ ਮਿਲਦਾ ਪੁਠੀਆਂ ਗੱਲਾਂ ਵਿਚੋਂ।"

"ਮੈਨੂ ਨਂਹੀਂ ਪਤਾ, ਮੈਨੂ ਮੇਰੇ ਸਵਾਲ ਦਾ ਜਵਾਬ ਚਾਹੀਦਾ।"

"ਚੱਲ ਦਸ, ਕੀ ਸਵਾਲ ਹੈ ਤੇਰਾ" ਮੈਂ ਗੁੱਸੇਨਾਲ ਖਿੱਝ ਕੇ ਕਿਹਾ।

ਮੇਰਾ ਸਵਾਲ ਹੈ ਕਿ "ਕੀ ਤੁਸੀਂ ਗੁਰਬਾਣੀ ਸਿਧਾਤਾਂ ਨੂ ਹੰਮੇਸ਼ਾ ਵਾਸਤੇ ਪੱਕੇ ਤੇ ਆਖਰੀ ਮੰਨਦੇ ਹੋ ਜਾਂ ਫਿਰ ਵਿਕਾਸ ਦੇ ਨਿਯਮ ਅਨੁਸਾਰ ਤਬਦੀਲੀ ਦੀ ਸੰਭਾਵਨਾ ਹੈ"

"ਫਿਰ ਕੀਤੀ ਨਾ ਪੁੱਠੀਗੱਲ , ਤੇਰੇ ਸਵਾਲ ਵਿਚ ਤੇਰੇ ਮਨ ਦੀ ਡੂੰਘੀਸ਼ਰਾਰਤ ਸਾਫ ਝਲਕ ਰਹੀ ਹੈ।"

"ਅੱਜ ਤੂੰ ਫਸ ਗਿਆ ਹੈ ਮੇਰੇ ਜਾਲ ਵਿਚ ਨਿਕਲ ਕੇ ਵਿਖਾ।"

ਕਾਮਰੇਡ ਦੋਸਤ ਛਾਤੀ ਚੌੜੀ ਕਰਕੇ ਮੂੰਹਫੁਲਾਈ ਮੈਨੂ ਮੰਜ਼ਾਕ ਕਰ ਰਿਹਾ ਸੀ।

"ਚੱਲ ਚਾਹ ਪੀਂਦੇ ਹਾਂ ਤੇ ਨਾਲੇ ਤੇਰੀ ਸ਼ਰਾਰਤ ਦਾ ਕੁਝ ਕਰਦੇ ਹਾਂ।"

ਮਨ ਹੀ ਮਨ ਵਿਚ ਅਰਦਾਸ ਕੀਤੀ ਕਿ ਕਿਵੇਂ ਕੀਤਾ ਜਾਵੇ। ਚਾਹ ਦਾ ਪਹਿਲਾਂ ਘੁਟ ਭਰਦਿਆਂ ਹੀ ਮੈਨੂ ਕੁੰਝ ਕਹਿਣ ਲਈ ਸੁਝ ਗਿਆ।

ਫਰਾਂਸ ਦਾ ਇਕ ਮੈਥੇਮਟੀਸ਼ੀਅਨ ਹੋਇਆ ਹੈ ਜਿਸਦਾ ਨਾਮ ਗੈਲਵਾ ਸੀ। ਗੈਲਵਾ 21 ਸਾਲ ਦੀ ਉਮਰ ਵਿੱਚ ਆਪਣੇ ਵਿਰੋਧੀ ਵੱਲੋਂ ਇੱਕ ਜਨਤਕ ਮੁਠਭੇੜ ਵਿਚ ਮਾਰ ਦਿਤਾ ਗਿਆ ਸੀ। ਇਸ ਛੋਟੀ ਜਿਹੀ ਉਮਰ ਦਾ ਵੀ ਕਾਫੀ ਹਿਸਾ ਗੈਲਵਾ ਨੇ ਜੇਲ੍ਹ ਵਿਚ ਹੀ ਕਟਿਆ ਸੀ। ਜੇਲ੍ਹ ਵਿਚੋਂ ਗੈਲਵਾ ਨੇ ਆਪਣੇ ਕਿਸੇ ਮਿੱਤਰ ਨੂ ਚਿੱਠੀਆਂ ਲਿਖੀਆਂ ਸਨ ਜਿਨ੍ਹਾਂ ਵਿਚ ਕੁਝ ਹੋਰ ਨਹੀਂ ਕੇਵਲ ਮੈਥੇਮੈਟਿਕਸ ਸੀ। ਮੁਠਭੇੜ ਹੋਣ ਤੋਂ ਪਹਿਲੀ ਰਾਤ ਵੀ ਉਹ ਮੈਥੇਮੈਟਿਕਸ ਲਿਖਦਾ ਰਿਹਾ। ਉਸਨੇ ਬਾਰ-ਬਾਰ ਲਿਖਿਆ ਕਿ ਸਮੇਂ ਦੀ ਘਾਟ ਕਰਕੇ ਮੈਂ ਸਬੂਤ ਨਹੀਂ ਲਿਖ ਸਕਦਾ।

ਗੈਲਵਾ ਦਾ ਲਿਖਿਆ ਮੈਥੇਮੈਟਿਕਸ ਅੱਜ ਤਕ ਦੁਨੀਆਂ ਦੇ ਮੈਥੇਮਟੀਸ਼ਨਜ ਨੂ ਪੂਰੀ ਤਰ੍ਹਾਂ ਸਮਝ ਵਿਚ ਨਹੀਂ ਆਇਆ। ਗੁਰੂ ਸਾਹਿਬਾਨ ਦਾ ਅਨੁਭਵ ਗੈਲਵਾ ਵਰਗਿਆਂ ਤੋਂ ਕਿਤੇ ਉਪਰ ਹੈ। ਸੋ ਮੇਰੇ ਪਿਆਰੇ ਦੋਸਤ ਅਜੇ ਤਾਂ ਅਸੀਂ ਗੁਰਬਾਣੀ ਵਿਚਾਰਧਾਰਾ ਨੂ ਪੂਰੀ ਤਰ੍ਹਾਂ ਸਮਝ ਕੇ ਅਪਣਾਇਆ ਹੀ ਨਹੀਂ ਤੇ ਤਦ ਤਕ ਤੁਹਾਡਾ ਸਵਾਲ ਕੋਈ ਮਤਲਬ ਨਹੀਂ ਰੱਖਦਾ।

ਕਾਮਰੇਡ ਦੋਸਤ ਮੁਸਕਰਾਇਆ – "ਠੀਕ ਹੈ, ਆਖਰ ਤੁਸੀਂ ਮੇਰੇ ਸਵਾਲ ਦੇ ਜਾਲ ਤੋਂ ਬਾਹਰ ਨਿਕਲਣ ਦਾ ਰਸਤਾ ਲੱਭ ਹੀ ਲਿਆ ਹੈ।"

## 5. ਰੱਬ

ਇੱਕ ਸੱਜਣ ਸ਼ਰਾਰਤੀ ਲਹਿਜੇ ਵਿਚ ਇੱਕ ਗੁਰਸਿੱਖ ਪਿਆਰੇ ਨੂ ਸੰਵਾਲ ਕਰਦੇ ਹਨ – "ਕੀ ਤੂੰ ਰੱਬ ਵੇਖਿਆ ਹੈ?" ਗੁਰਮੁਖ ਪਿਆਰੇ ਵੈਰਾਗੀ ਵਜਦ ਵਿਚ ਆ ਕੇ ਉਤਰ ਦੇਂਦੇ ਹਨ, "ਜੀ, ਤੁਸੀਂ ਕੋਝਾ ਮਜ਼ਾਕ ਕਰਕੇ ਮੇਰੀ ਇਸ ਤਰ੍ਹਾਂ ਤੋਹੀਨ ਕਰ ਰਹੇ ਹੋ ਜਿਵੇਂ ਕੋਈ ਵਿਆਹੀ-ਵਰੀ ਔਰਤ ਨੂ ਪੁੱਛਦਾ ਹੈ ਕਿ ਕੀ ਤੂੰ ਕਦੇ ਆਪਣਾ ਪਤੀ ਵੇਖਿਆ ਹੈ?"

ਹਾਲੇ ਉਸ ਸੱਜਣ ਦੀ ਤਸੱਲੀ ਨਹੀਂ ਹੋਈ ਜਾਂ ਇਉਂ ਕਹੋ ਕਿ ਹੋਰ ਸ਼ਰਾਰਤ ਦੇ ਮੂਡ ਵਿਚ ਹੈ – ਪੁਛਦਾ ਹੈ, "ਤੂੰ ਰੱਬ ਜੀ ਨੂ ਕਿੰਨੀ ਵੇਰ ਮਿਲਿਆ ਹੈ?"

"ਜੀ, ਇਹ ਨਾ ਪੁਛੋ, ਇਹ ਪੁਛੋ ਕਿ ਕੋਈ ਐਸਾ ਸਮਾਂ ਵੀ ਹੈ ਜਦੋਂ ਦਾਸ (ਮੈਂ) ਰੱਬ ਤੋਂ ਤੇ ਰੱਬ ਮੇਰੇ ਤੋਂ ਵਿਛੜਿਆਂ ਹੁੰਦਾਹੈ? ਤਾਂ ਫਿਰ ਦਾਸ (ਮੈਂ) ਉਤੱਰ ਦੇਵੇਗਾ ਕਿ ਕਦੇ ਵੀ ਨਹੀਂ, ਕੋਈ ਵੀ ਸਮਾਂ ਐਸਾ ਨਹੀਂ ਹੁੰਦਾ"

ਢੀਠਤਾ ਦੀ ਕੋਈ ਹੱਦ ਨਹੀਂ ਹੁੰਦੀ- ਫਿਰ ਪੁਛਦੇ ਹਨ – "ਰੱਬ ਜੀ ਦੇ ਦਰਸ਼ਨ ਕਿਵੇਂ ਹੁੰਦੇਹਨ? ਉਹ ਕਿਹੋ ਜਿਹਾ ਹੈ?"

ਇਹ ਸਵਾਲ ਠੀਕ ਨਹੀਂ ਹੈ। ਹਾਂ, ਰੱਬ ਤੋਂ ਬਿਨ੍ਹਾਂ ਹੋਰ ਕਿਸੇ ਦੇ ਦਰਸ਼ਨ ਤੇ ਉਹ ਕਿਹੋ ਜਿਹਾ ਹੈ, ਸਵਾਲ ਬਣਦਾ ਹੈ। ਜਦ ਰੱਬ ਤੋਂ ਬਿਨਾਂ ਹੋਰ ਕੁਝ ਹੈ ਹੀ ਨਹੀਂ, ਦ੍ਰਿਸ਼ਟ (ਸਰਗੁਨ), ਅਦ੍ਰਿਸ਼ਟ (ਨਿਰਗੁਣ) ਸਭ ਕੁਝ ਰੱਬ ਹੀ ਤਾਂ ਹੈ – ਅੱਖਾਂ ਖੋਲ੍ਹ ਕੇ ਜਾਂ ਬੰਦ ਕਰਕੇ ਜਿੰਨੇ ਮਰਜ਼ੀ ਦਰਸ਼ਨ ਕਰੀ ਚਲੋ, ਕੌਣ ਰੋਕਦਾ ਹੈ? ਅਤੇ ਦੇਖੀ ਚਲੋ ਜਾਂ ਅਨੁਭਵ ਕਰੀ ਚਲੋ ਕਿ ਉਹ ਕਿਹੋ ਜਿਹਾ ਹੈ।

ਇਹ ਸੁਣ ਕੇ ਉਸਨੇ ਹੋਰ ਕੋਈ ਸਵਾਲ ਨਾ ਪੁਛਿਆ।

## 6. ਦੇਹਧਾਰੀਆਂ ਨੂ ਮੱਥਾ ਟੇਕਣਾ

ਬਾਬਾ ਕਰਤਾਰ ਸਿੰਘ ਜੀ ਭਿੰਡਰਾਂ ਵਾਲੇ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ (ਜਿਲ੍ਹਾ ਅੰਮ੍ਰਿਤਸਰ) ਦੀ ਕਾਰ ਸੇਵਾ ਵਿਚ ਰੁਝੇ ਹੋਏ ਸਨ। ਕਿਸੇ ਲਾਗਲੇ ਪਿੰਡੋਂ ਗੁਰੂ ਦੀਆਂ ਸੰਗਤਾਂ ਆਉਂਦੀਆਂ ਹਨ, ਉਨ੍ਹਾਂ ਵਿਚੋਂ ਕੁਝ ਬਾਬਾ ਜੀ ਨੂ ਮੱਥਾ ਟੇਕਣ ਦੀ ਕੋਸ਼ਿਸ਼ ਕਰਦੇ ਹਨ।

ਬਾਬਾ ਜੀ ਝੱਟ ਛੜੱਪਾ ਮਾਰ ਕੇ ਪਰੇ ਹੋ ਜਾਂਦੇ ਹਨ। ਨਾ ਨਾ ਗੁਰਮੁਖੋ ਇਹ ਕੀ ਕਰ ਰਹੇ ਹੋ? ਜੇ ਧੰਨ ਸ੍ਰੀ ਗੁਰੂ ਗ੍ਰੰਥਸਾਹਿਬ ਜੀ ਨੂ ਮੱਥਾ ਟੇਕ ਕੇ ਤੁਹਾਡੀ ਤਸੱਲੀ ਨਹੀਂ ਹੋਈ ਤੇ ਮੇਰੇ ਖਰੋੜਿਆਂ ਤੇ ਮੈਲੇ ਪੈਰਾਂ ਨੂ ਵੀ ਹੱਥ ਲਾਉਣ ਨਾਲ ਤੁਹਾਡਾ ਕੁਝ ਨਹੀ ਬਣਨਾ। ਪਿਆਰਿਓ, ਧੰਨ ਸ੍ਰੀ ਗੁਰੂ ਗ੍ਰੰਥਸਾਹਿਬ ਜੀ ਤੋਂ ਬਿਨ੍ਹਾਂ ਕਦੇ ਕਿਸੇ ਦੇਹਧਾਰੀ ਨੂ ਮੱਥਾ ਨਹੀਂ ਟੇਕਣਾ ਚਾਹੀਦਾ। ਬਾਬਾ ਜੀ ਨੇ ਇੱਕ ਤਰ੍ਹਾਂ ਇਟਾਂ ਰੋੜਿਆਂ ਵਿਚ ਖੜ੍ਹ ਕੇ ਗੁਰਮਤਿ ਵਿਖਿਆਨ ਸ਼ੁਰੂ ਕਰ ਦਿਤਾ ਸੀ।

ਸੰਗਤ ਵਿਚੋਂ ਇਕ ਧੀਮੀ ਜਿਹੀ ਆਵਾਜ ਆਈ "ਜੋ ਦੀਸੈ ਗੁਰਸਿਖੜਾ ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ" "ਅੱਛਾ – ਇਹ ਭਾਵਨਾ ਹੈ ਤੁਹਾਡੇ ਮਨ ਵਿਚ।" ਬਾਬਾ ਜੀ ਨੇ ਬੋਲਣਾ ਸ਼ੁਰੂ ਕੀਤਾ, "ਪਰ ਤੁਸੀਂ ਮੈਨੂ ਹੀ ਕਿਉਂ ਮੱਥਾ ਟੇਕ ਰਹੇ ਹੋ, ਆ ਹੋਰ ਜਿਨ੍ਹੇ ਅੰਮ੍ਰਿਤਧਾਰੀ ਹਨ, ਕੀ ਗੁਰਸਿੱਖ ਨਹੀਂ ਹਨ? ਤਾਂ ਤੇ ਸਵੇਰ ਤੋਂ ਲੈ ਕੇ ਸ਼ਾਮ ਤੱਕ ਇਕ ਪਾਸੇ ਤੋਂ ਸ਼ੁਰੂ ਕਰਕੇ ਮਥੇ ਟੇਕੀ ਚਲੋ ਤੇ ਬਾਕੀ ਸਭ ਕੰਮ ਰਹਿਣ ਦਿਓ ਅਤੇ ਸ੍ਰੀ ਗੁਰੂ ਗ੍ਰੰਥਸਾਹਿਬ ਜੀ ਦੀ ਪਤਾ ਨਹੀਂ ਵਾਰੀ ਆਵੇ ਕਿ ਨਾ ਆਵੇ।"

ਪਿਆਰਿਓ! ਜਦੋਂ ਤੁਸੀਂ ਕਿਸੇ ਦੇਹਧਾਰੀ ਨੂ ਮੱਥਾ ਟੇਕਦੇ ਹੋ ਤਾਂ ਤੁਸੀਂ ਤਿੰਨ ਗਲਤੀਆਂ ਤਾਂ ਕਰ ਹੀ ਰਹੇ ਹੋ।

1. ਤੁਸੀਂ ਮਨਮੱਤ ਕਰ ਰਹੇ ਹੋ ਤੇ ਗੁਰੂ ਦਾ ਹੁਕਮ ਮੰਨਣ ਤੋਂ ਆਕੀ ਹੋ।

2. ਜਿਸਨੂ ਤੁਸੀਂ ਮੱਥਾ ਟੇਕ ਰਹੇ ਹੋ, ਉਸਨੂ ਅਣਅਧਿਕਾਰਤ ਤੇ ਬੇਲੋੜਾ ਮਾਣ ਦੇ ਕੇ ਉਸਦੇ ਮਨ ਅੰਦਰ ਹਉਮੈ (ਹੰਕਾਰ) ਭਾਵਨਾ ਪੈਦਾ ਕਰਕੇ ਸਿੱਖੀ ਤੋਂ ਡੇਗਣ ਦੀ ਕੋਝੀ ਹਰਕਤ ਕਰ ਰਹੇ ਹੋ।

3. ਤੁਹਾਡੇ ਇਸ ਤਰ੍ਹਾਂ ਮੱਥਾ ਟੇਕਦਿਆਂ ਦੇਖ ਕੇ ਆਮ-ਖਾਸ ਸੰਗਤਾਂ ਦੇ ਮਨ ਵਿੱਚ ਗੁਰਮਤਿ ਪ੍ਰਤੀ ਦੁਚਿੱਤੀ ਪੈਦਾ ਹੁੰਦੀਹੈ। ਸੰਗਤ ਵਿਚੋਂ ਕਿਸੇ ਨੇ ਪੁੱਛਲਿਆ ਬਾਬਾ ਜੀ ਫਿਰ ਉਪਰੋਕਤ ਗੁਰਬਾਣੀ ਦੀ ਪੰਗਤੀ ਨੂ ਕਿਵੇਂ ਲਿਆ ਜਾਵੇ।

ਇਸ ਪੰਗਤੀ ਵਿੱਚ ਤੇ ਇਸ ਭਾਵਨਾ ਦੀਆਂ ਹੋਰ ਪੰਕਤੀਆਂ ਵਿਚ ਜਿਵੇਂ "ਹੋਹੁ ਸਭਨਾ ਕੀ ਰੇਣੁਕਾ" ਗੁਰੂ ਸਾਹਿਬ ਜੀ ਨੇ ਇਹ ਦ੍ਰਿੜ ਕਰਵਾਇਆ ਹੈ ਕਿ ਹਰੇਕ ਸਿੱਖ ਦੇ ਮਨ ਵਿਚ ਗੁਰਸਿੱਖਾਂ ਪ੍ਰਤੀ ਸਤਿਕਾਰ ਭਾਵਨਾ ਹੋਣੀ ਜਰੂਰੀ ਹੈ। ਇਸ ਕਰਕੇ ਮਨ ਕਰਕੇ ਹਰੇਕ ਸਿੱਖ ਨੂ ਦੂਸਰੇ ਹਰੇਕ ਗੁਰਸਿੱਖ ਦੇ ਨਿਉਂ ਨਿਉਂ ਕੇ ਪੈਰੀਂ ਪੈਣਾ ਹੈ। ਇੱਕ ਗੁਰਸਿੱਖ ਬੋਲ ਉਠਿਆ, ਬਾਬਾ ਜੀ ਮਨ ਕਰਕੇ ਪੈਰੀਂ ਪੈਣ ਦਾ ਕੰਮ ਸੌਖਾ ਵੀ ਹੈ ਤੇ ਤੁਰੰਤ ਬਿਨਾਂ ਕਿਸੇ ਦੇਰੀ ਦੇ ਹੋ ਸਕਦਾ ਹੈ ਤੇ ਪਹਿਲਾਂ ਜੋ ਤੁਸੀਂ ਤਿੰਨ ਗਲਤੀਆਂ ਦਸੀਆਂ ਹਨ ਉਹ ਵੀ ਨਹੀਂ ਹੋਣਗੀਆਂ ਤੇ ਮਨ ਅੰਦਰ ਪਿਆਰ, ਵੈਰਾਗ ਤੇ ਸ਼ਰਧਾ ਇਨਾਮ ਵਜੋਂ ਗੁਰੂ ਸਾਹਿਬ ਜੀ ਦੀ ਬਖਸ਼ਸ਼ ਵੀ ਪ੍ਰਾਪਤ ਹੋਵੇਗੀ।

ਸ਼ਾਬਾਸ਼! ਗੁਰਮੁਖ ਪਿਆਰਿਓ, ਤੁਸੀਂ ਬਿਲਕੁਲ ਠੀਕ ਸਮਝ ਗਏ ਹੋ, ਗੁਰੂ ਮਹਾਰਾਜ ਨੇ ਤੁਹਾਡੇ ਤੇ ਅਪਾਰ ਬਖਸ਼ਿਸ਼ ਕੀਤੀ ਹੈ। ਮੱਥਾ ਟੇਕਣ ਵਾਲਿਆਂ ਵਿਚੋਂ ਇੱਕ ਸੱਜਣ ਅਗੇ ਆਉਂਦਾ ਹੈ ਤੇ ਕਹਿੰਦਾ ਹੈ ਬਾਬਾ ਜੀ, ਅਸੀਂ ਸਾਰੇ (ਮੱਥਾ ਟੇਕਣ ਵੇਲੇ) ਮੁਆਫੀ ਮੰਗਦੇ ਹਾਂ ਤੇ ਅੱਗੇ ਤੋਂ ਐਸੀ ਮਨਮੱਤ ਕਦੇ ਨਹੀਂ ਕਰਾਂਗੇ। ਬਾਬਾ ਜੀ ਨੇ ਜੈਕਾਰਾ ਬੁਲਾਇਆ "ਬੋਲੇ ਸੋ ਨਿਹਾਲ-ਸਤਿ ਸ੍ਰੀ ਅਕਾਲ।"

## 7. ਬਾਣੀ ਵਿੱਚ ਭਿੱਜੇ ਬਾਣੇ

ਜਿਲ੍ਹਾਂ ਗੁਰਦਾਸਪੁਰ ਦੀ ਤਹਿਸੀਲ ਬਟਾਲਾ, ਬਟਾਲਾ-ਸ੍ਰੀ ਹਰਗੋਬਿੰਦਪੁਰ ਰੋਡ ਤੇ ਬਟਾਲੇ ਤੋਂ ਕੋਈ 18 ਕਿਲੋਮੀਟਰ ਦੂਰ ਇਕ ਛੋਟਾ ਜਿਹਾ ਪਿੰਡ ਧੀਰਾ ਹੈ। ਇਥੇ ਦੇ ਦੋ ਬੀ.ਏ. ਪਾਸ ਮੁੰਡੇਰੈਂਚਲ ਤੇ ਗੁਰਦੇਵ ਜੋ ਸਿੱਖੀ ਤੋਂ ਅਣਜਾਣ, ਘੋਨੇ ਮੋਨੇ ਹੋ ਚੁਕੇ ਸਨ। ਇਕ ਦਿਨ ਇਨ੍ਹਾਂ ਦੇ ਕੰਨੀ ਆਵਾਜ਼ ਪਈ ਕਿ ਨੇੜਲੇ ਪਿੰਡ ਕੋਹਾਲੀ ਵਿਖੇ ਭਿੰਡਰਾਂਵਾਲਿਆਂ ਬਾਬਿਆਂ ਨੇ ਆਉਣਾ ਹੈ।

"ਇਹ ਯਾਰ ਭਿੰਡਰਾਂਵਾਲਾ ਕੌਣ ਹੈ? ਚਲੋ ਆਪਾਂ ਵੀ ਵੇਖਣ ਚਲੀਏ।" ਇਸ ਤਰ੍ਹਾਂ ਆਪਸ ਵਿੱਚ ਗੱਲਾਂ ਕਰਦੇ ਹਨ ਤੇ ਅਗਲੀ ਸ਼ਾਮ ਨੂ ਲੱਗੇ ਦੀਵਾਨ ਵਿਚ ਜਾ ਹਾਜ਼ਰ ਹੁੰਦੇਹਨ। ਬਾਬਾ ਕਰਤਾਰ ਸਿੰਘ ਜੀ ਭਿੰਡਰਾਂ ਵਾਲੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਬਾਰੇ ਸੰਗਤਾਂ ਨੂ ਗੁਰਮਤਿ ਵਖਿਆਣ ਬੜੇ ਜਜ਼ਬਾਤੀ ਤੇ ਭਾਵਪੂਰਤ ਰੰਗਾਂ ਵਿਚ ਸੁਣਾ ਰਹੇ ਸਨ।

ਇਹ ਦੋਵੇਂ ਮੁੰਡੇਸਿੱਖੀ ਤੋਂ ਕੋਰੇ ਤੇ ਪਹਿਲੀ ਵੇਰੀ ਨੋਵੇਂ ਪਾਤਸ਼ਾਹ ਦੇ ਪਰਉਪਕਾਰੀ ਤੇ ਤਿਆਗ ਵਾਲੇ ਜੀਵਨ ਬਾਰੇ ਸੁਣ ਕੇ ਇਨੇ ਪ੍ਰਭਾਵਿਤ ਹੋਏ ਕਿ ਦੀਵਾਨ ਵਿਚ ਬੈਠਿਆ ਹੀ ਪ੍ਰਣ ਕਰ ਲਿਆ ਕਿ ਅਗੇ ਤੋਂ ਕੇਸ ਨਹੀਂ ਕਤਲ ਕਰਵਾਉਣੇ ਤੇ ਜਲਦੀ ਹੀ ਅੰਮ੍ਰਿਤ ਵੀ ਛੱਕ ਲੈਣਾ ਹੈ। ਬਸ ਇੱਕ ਛਿਨ ਵਿਚ ਜੀਵਨ ਪਲਟਾ ਹੋ ਗਿਆ। ਥੋੜੇ ਦਿਨਾਂ ਬਾਅਦ ਇਨ੍ਹਾਂ ਨੇ ਅੰਮ੍ਰਿਤ ਛੱਕ ਲਿਆ। ਇਨ੍ਹਾਂ ਦੋਹਰੇ ਦਸਤਾਰੇ ਸਜਾਉਣੇ ਤੇ ਸ੍ਰੀ ਸਾਹਿਬ (ਕਿਰਪਾਨ) ਉਪਰੋਂ ਦੀ ਪਾ ਕੇ ਰੱਖਣੀ। ਦੋਵੇਂ ਇੱਕਠੇ ਜਦ ਘੁੰਮਦੇ ਫਿਰਦੇ ਤਾਂ ਦੇਖਣ ਵਾਲੇ ਅਸ਼ ਅਸ਼ ਕਰ ਉਠਦੇ। ਉਨੀਂ ਦਿਨੀਂ ਇਸ ਗੁਰਸਿੱਖ ਜੋੜੇ ਦੀ ਇਲਾਕੇ ਵਿਚ ਬੜੀ ਚਰਚਾ ਸੀ। ਇਨ੍ਹਾਂ ਦੋਵਾਂ ਨੇ D.P. Ed. (ਡਿਪਲੋਮਾ ਫਿਜ਼ੀਕਲ ਐਜੂਕੇਸ਼ਨ) ਦਾ ਕੋਰਸ ਵੀ ਕੀਤਾ ਹੋਇਆ ਸੀ। ਸਰਕਾਰੀ ਸਕੂਲਾਂ ਵਾਸਤੇ ਟੀਚਰਜ਼ ਲਈ ਅਖਬਾਰਾਂ ਵਿਚ ਇਸ਼ਤਿਹਾਰ ਛਪਿਆ। ਇਨ੍ਹਾਂ ਦੋਵਾਂ ਨੇ ਨੌਕਰੀ ਵਾਸਤੇ ਅਰਜ਼ੀਆਂ ਦੇ ਦਿਤੀਆਂ। ਗੁਰਦਾਸਪੁਰ

ਇੰਟਰਵਿਊ ਹੋਣੀ ਸੀ। ਇਹ ਦੋਵੇਂ ਗੁਰਦਾਸਪੁਰ ਪਹੁੰਚਗਏ। ਪਜਾਮਾ ਕਮੀਜ ਪਾਈ, ਦੋਹਰੀ ਦਸਤਾਰ ਸਜਾਈ ਤੇ ਸ੍ਰੀ ਸਾਹਿਬ ਉਪਰੋਂ ਦੀ ਪਾਈ, ਇਨ੍ਹਾਂ ਦਾ ਗੁਰਮੁੱਖੀਪਹਿਰਾਵਾ ਦੰਦ ਕਥਾ ਦਾ ਵਿਸ਼ਾ ਬਣਿਆ ਹੋਇਆ ਸੀ।

ਆਮ ਸੋਚ ਇਹ ਸੀ ਕਿ ਇਹ ਕੌਣ ਤੇ ਕਿਵੇਂ ਇੰਟਰਵਿਊ ਲਈ ਆਏ ਹਨ? ਇਨ੍ਹਾਂ ਨੂ ਨੌਕਰੀ ਕਿੱਥੇ ਮਿਲਣੀ ਹੈ? ਲੋਕ ਮਜ਼ਾਕ ਕਰ ਰਹੇ ਸਨ। (ਅਫਸੋਸ ਕਿ ਪੰਜਾਬ ਵਿਚ ਜਿਸ ਨੂ ਸਿੱਖੀ ਦਾ ਘਰ ਸਮਝਿਆ ਜਾਂਦਾ ਹੈ, ਗੁਰਸਿੱਖੀ ਪਹਿਰਾਵੇ ਬਾਰੇ ਅਜਿਹੀ ਭਾਵਨਾ ਹੈ)।

ਆਖਰ ਇਨ੍ਹਾਂ ਵਿਚੋਂ ਇੱਕ ਨੂ ਇੰਟਰਵਿਊ ਲਈ ਆਵਾਜ਼ ਦਿਤੀ ਜਾਂਦੀ ਹੈ। ਇੰਟਰਵਿਊ ਬੋਰਡ ਦੇ ਸਾਹਮਣੇ ਜਾਂਦਿਆਂ ਹੀ ਸਿੰਘ ਨੇ ਫਤਹਿ ਬੁਲਾਈ, "ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥" ਬੋਰਡ ਮੈਂਬਰ ਹੈਰਾਨੀ ਨਾਲ ਤ੍ਰਭਕ ਗਏ। ਚੇਅਰਮੈਨ ਸਾਹਿਬ ਨੇ ਆਪਣੇ ਆਪ ਨੂ ਸੰਭਾਲਦਿਆਂ ਮਸਾਂ ਮਸਾਂ ਬੋਲਿਆ 'ਫਤਹਿ'। ਬੋਰਡ ਦੇ ਕਈ ਮੈਂਬਰ ਇਨ੍ਹਾਂ ਵੱਲ ਵੇਖ ਕੇ ਹੱਸ ਰਹੇ ਸਨ ਤੇ ਕਈ ਘੂਰ ਘੂਰ ਕੇ ਦੇਖ ਰਹੇ ਸਨ।

ਚੇਅਰਮੈਨ ਪੁੱਛਦਾਹੈ – "ਕਿਉਂ ਭਈ ਕਿਧਰ ਆਏ ਹੋ, ਕੀ ਚਾਹੀਦਾ ਹੈ।" "ਜੀ, ਤੁਹਾਡੇ ਵਲੋਂ ਟੀਚਰਜ਼ ਵਾਸਤੇ ਰਖੀ ਇੰਟਰਵਿਊ ਦੇਣ ਵਾਸਤੇ ਹਾਜ਼ਰ ਹੋਇਆ ਹਾਂ" ਚੈਂਚਲ ਸਿੰਘ ਨੇ ਬੜੇ ਮਿਠਾਸ ਤੇ ਹਲੇਮੀ ਵਾਲੇ ਲਹਿਜੇ ਵਿਚ ਉਤੱਰ ਦਿਤਾ। "ਕੀ ਤੁਸੀਂ ਆਪਣੇ ਆਪ ਨੂ ਟੀਚਰ ਬਣਨ ਦੇ ਕਾਬਲ ਸਮਝਦੇ ਹੋ" , "ਚੇਅਰਮੈਨ ਸਾਹਿਬ ਨੇ ਸਵਾਲ ਕੀਤਾ।

"ਜੀ, ਹਾਂ ਜੀ, ਤੁਹਾਡੇ ਵੱਲੋਂ ਰੱਖੀਆਂ ਸਾਰੀਆਂ ਸ਼ਰਤਾਂ ਮੈਂ ਪੂਰੀਆਂ ਕਰਦਾ ਹਾਂ, ਤੇ ਆਪਣੀ ਯੋਗਤਾ ਦੇ ਸਾਰੇ ਸਰਟੀਫਿਕੇਟ ਤੇ ਹੋਰ ਕਾਗਜ਼-ਪੱਤਰ ਵੀ ਨਾਲ ਲੈ ਕੇ ਆਇਆ ਹਾਂ," ਚੈਂਚਲ ਸਿੰਘ ਨੇ ਦ੍ਰਿੜਤਾ ਨਾਲ ਜਵਾਬ ਦਿਤਾ। "ਪਰ, ਤੁਹਾਡਾ ਪਹਿਰਾਵਾ?" ਚੇਅਰਮੈਨ ਜੀ ਸਹਿਜ ਸੁਭਾਅ ਕਹਿ ਗਏ। "ਇਸ ਪਹਿਰਾਵੇ ਵਿਚ ਕੀ ਨੁਕਸ ਹੈ ਜੀ?" ਚੈਂਚਲ ਸਿੰਘ ਨੇ ਜਵਾਬ ਦਿਤਾ।

ਚੇਅਰਮੈਨ ਨੇ ਗੱਲ ਟਾਲਣ ਲਈ ਕਿਹਾ ਕਿ ਤੇਰੇ ਵਰਗਾ ਬਾਹਰ ਇੱਕ ਹੋਰ ਵੀ ਹੈ, ਉਸਨੂੰ ਵੀ ਬੁਲਾ ਲੈਂਦੇ ਹਾਂ ਤੇ ਦੋਵਾਂ ਦੀ ਇੰਟਰਵਿਊ ਇੱਕਠੀ ਹੀ ਲੈ ਲੈਂਦੇ ਹਾਂ। ਗੁਰਦੇਵ ਸਿੰਘ ਨੇ ਵੀ ਅੰਦਰ ਆ ਫਤਹਿ ਗਜਾਈ। ਹੁਣ ਸਵਾਲ-ਜਵਾਬ ਸ਼ੁਰੂ ਹੁੰਦੇ ਹਨ।

ਚੇਅਰਮੈਨ – ਅੱਜ ਸਵੇਰੇ ਗੁਰਦੁਆਰੇ ਗਏ ਸੀ।

ਦੋਵੇਂ ਇਕੱਠੇ – ਹਾਂ ਜੀ, ਹਰ ਰੋਜ਼ ਗੁਰਦੁਆਰੇ ਗੁਰੂ ਸਾਹਿਬ ਦੇ ਦਰਸ਼ਨ ਕਰਨ ਜਾਂਦੇ ਹਾਂ, ਅੱਜ ਵੀ ਗਏ ਸਾਂ।

ਚੇਅਰਮੈਨ – ਅਰਦਾਸ ਕੀਤੀ ਸੀ ਕਿ ਸਾਨੂ ਨੌਕਰੀ ਮਿਲ ਜਾਵੇ।

ਦੋਵੇਂ – ਜੀ ਹਾਂ, ਅਰਦਾਸ ਤਾਂ ਕਰਨੀ ਹੀ ਸੀ।

ਚੇਅਰਮੈਨ – ਹੁਣ ਇਹ ਦਸੋ ਕਿ ਜੇ ਤੁਹਾਨੂ ਨੌਕਰੀ ਮਿਲ ਜਾਵੇ ਤਾਂ ਨੌਕਰੀ ਅਸੀਂ ਦਿਤੀ ਕਿ ਪ੍ਰਮਾਤਮਾ ਨੇ, ਜਿਸ ਅਗੇ ਤੁਸੀਂ ਅਰਦਾਸ ਕੀਤੀ ਹੈ।

ਦੋਵੇਂ – ਜੀ, ਪ੍ਰਮਾਤਮਾ ਨੇ ਜਿਸ ਅਗੇ ਅਰਦਾਸ ਕੀਤੀ ਹੈ।

ਚੇਅਰਮੈਨ – ਤੇ ਜੇ ਨੌਕਰੀ ਨਾ ਮਿਲੇ ਤਾਂ ਨੌਕਰੀ ਅਸੀਂ ਨਹੀਂ ਦਿੱਤੀ ਜਾਂ ਪ੍ਰਮਾਤਮਾ ਨੇ।

ਦੋਵੇਂ – ਜੀ, ਪ੍ਰਮਾਤਮਾ ਨੇ, ਸਾਡੇ ਭਲੇ ਲਈ, ਜਿਸ ਤੋਂ ਅਸੀਂ ਅਨਜਾਣ ਹਾਂ।

ਚੇਅਰਮੈਨ – ਜੇ ਪ੍ਰਮਾਤਮਾ ਨੇ ਹੀ ਸਭ ਕੁਝ ਕਰਨਾ ਤੇ ਇਸ ਇੰਟਰਵਿਊ ਬੋਰਡ ਦਾ ਕੀ ਮਤਲਬ ਹੈ?

ਦੋਵੇਂ – ਜੀ, ਇੰਟਰਵਿਊ ਬੋਰਡ ਪਾਸੋਂ ਸਭ ਕੁਝ ਪ੍ਰਮਾਤਮਾ ਨੇ ਹੀ ਕਰਵਾਉਣਾ ਹੈ। ਦਰਅਸਲ ਪ੍ਰਮਾਤਮਾ ਆਪਣੇ ਬਣਾਏ ਬੰਦਿਆਂ ਦੇ ਮਨਾਂ ਵਿਚ ਵੱਸ ਕੇ ਸਭ ਕੁਝ ਕਰਦਾ ਕਰਾਉਂਦਾ ਹੈ।

ਇਹ ਵਾਰਤਾਲਾਪ ਸੁਣ ਕੇ ਬੋਰਡ ਦੇ ਸਾਰੇ ਮੈਂਬਰ ਜੋ ਹੁਣ ਤੱਕ ਮਜ਼ਾਕੀਆ ਮੂਡ ਵਿਚ ਸਨ, ਸੰਜੀਦਾ ਹੋ ਗਏ।

ਬੋਰਡ ਦੇ ਇੱਕ ਹੋਰ ਮੈਂਬਰ ਨਾਲ ਗੱਲਬਾਤ ਸ਼ੁਰੂ ਹੁੰਦੀਹੈ।

ਬੋਰਡ ਮੈਂਬਰ – ਭਈ, ਗੱਲ ਇਹ ਹੈ ਕਿ ਡੀ.ਪੀ.ਈ. ਟੀਚਰ ਨੇ ਬੱਚਿਆਂ ਨੂੰ ਖੇਡਾਂ (ਹਾਕੀ, ਫੁਟਬਾਲ, ਕਬੱਡੀ ਆਦਿ) ਵੀ ਕਰਾਉਣੀਆਂ ਤੇ ਸਿਖਾਉਣੀਆਂ ਹਨ। ਮੈਨੂੰ ਪੰਤਾ ਹੈ ਕਿ ਗੁਰੂ ਦੇ ਸਿੰਘ ਕਕਾਰ ਆਪਣੇ ਸਰੀਰ ਨਾਲੋਂ ਵੱਖ ਨਹੀਂ ਕਰਦੇ ਤਾਂ ਫਿਰ ਤੁਸੀਂ ਕਿਵੇਂ ਕਰੋਗੇ?

ਦੋਵੇਂ – ਜੀ, ਅਸੀਂ ਟੀਚਰ ਟਰੇਨਿੰਗ ਕੋਰਸ ਕੀਤਾ ਹੋਇਆ ਹੈ ਤੇ ਸਾਨੂੰ ਪੰਤਾ ਹੈ ਕਿ ਸਾਡੇ 'ਕਕਾਰ' ਕਦੇ ਵੀ ਕਿਸੇ ਖੇਡ ਵਿਚ ਰੁਕਾਵਟ ਨਹੀਂ ਹਨ। ਜੇ ਤੁਸੀਂ ਕਹੋ ਤਾਂ ਜਿਹੜੀ ਖੇਡ ਤੁਸੀਂ ਚਾਹੋ, ਅਸੀਂ ਕਕਾਰਾਂ ਸਮੇਤ ਖੇਡ ਕੇ ਨਮੂਨਾ ਪੇਸ਼ ਕਰ ਸਕਦੇ ਹਾਂ।

ਬੋਰਡ ਮੈਂਬਰ – ਖੇਡ ਖਿਡਾਉਣੀ ਤਾਂ ਇਸ ਸਮੇਂ ਸੰਭਵ ਨਹੀਂ। ਪਰ ਤੁਸੀਂ ਇਹ ਦਸੋ ਕਿ ਰੋਜ਼ਾਨਾ ਇਸ਼ਨਾਨ ਕਰਦੇ ਸਮੇਂ ਤੁਸੀਂ ਕਕਾਰ ਆਪਣੇ ਪਾਸ ਕਿਵੇਂ ਸੰਭਾਲੀ ਰੱਖਦੇ ਹੋ? ਜ਼ਰਾ, ਖੜੇ ਹੋ ਕੇ ਨਮੂਨਾ ਦੇਵੋ।

ਦੋਵੇਂ – ਜੀ, ਦੋਵੇਂ ਜਾਂ ਸਾਡੇ ਵਿਚੋਂ ਕੌਣ?

ਬੋਰਡ ਮੈਂਬਰ ਚੈਂਚਲ ਸਿੰਘ ਵੱਲ ਇਸ਼ਾਰਾ ਕਰਦਾ ਹੈ।

ਚੈਂਚਲ ਸਿੰਘ ਖੜਾ ਹੋਇਆ ਨਮੂਨਾ ਦੇਣਾ ਸ਼ੁਰੂ ਕਰਦਾ ਹੈ।

ਚੈਂਚਲ ਸਿੰਘ – ਸਭ ਤੋਂ ਪਹਿਲਾਂ ਸ੍ਰੀ ਸਾਹਿਬ (ਕਿਰਪਾਨ) ਦੇ ਗਾਤਰੇ ਨੂੰ ਖੱਬੀ ਬਾਂਹ ਦੇ ਉਪਰੋਂ ਦੀ ਕਰਕੇ ਗੱਲ ਵਿਚ ਹਾਰ ਦੀ ਤਰ੍ਹਾਂ ਲਟਕਾ ਲਿਆ ਜਾਵੇਗਾ ਤਾਂ ਕਿ ਕਪੜੇ ਉਤਾਰਨ ਵਿਚ ਕੋਈ ਰੁਕਾਵਟ ਨਾ ਆਵੇ।

(ਚੈਂਚਲ ਸਿੰਘ ਕਿਰਪਾਨ ਨੂੰ ਗਾਤਰੇ ਸਮੇਤ ਗੱਲ ਵਿਚ ਹਾਰ ਦੀ ਤਰ੍ਹਾਂ ਲਟਕਾ ਲੈਂਦਾ ਹੈ)

ਬੋਰਡ ਮੈਂਬਰ – ਤੁਸੀਂ ਬੰਦ ਕਮਰਾ ਬਾਥਰੂਮ ਵਿਚ ਇਸ਼ਨਾਨ ਕਰਨ ਦਾ ਨਮੂਨਾ ਦੇ ਰਹੇ ਹੋ ਜਾਂ ਬਾਹਰ ਖੁਲ੍ਹੇ ਮੈਦਾਨ ਵਿਚ ਇਸ਼ਨਾਨ ਕਰਨ ਬਾਰੇ ਦਸ ਰਹੇ ਹੋ?

ਚੈਂਚਲ ਸਿੰਘ – ਜੀ ਸਾਨੂੰ ਸਿੰਘਾਂ ਨੂੰ ਇਸ ਗੱਲ ਦਾ ਕੋਈ ਫਰਕ ਨਹੀਂ ਪੈਂਦਾ ਇਸ਼ਨਾਨ ਬੰਦ ਕਮਰਾ ਬਾਥਰੂਮ ਵਿਚ ਕਰਨਾ ਹੈ ਜਾਂ ਬਾਹਰ ਖੁਲ੍ਹੇ ਮੈਦਾਨ ਵਿਚ।

ਬੋਰਡ ਮੈਂਬਰ – ਅੱਛਾ, ਇਹ ਤਾਂ ਬੜੀ ਵਧੀਆ ਗੱਲ ਹੈ।

ਚੈਂਚਲ ਸਿੰਘ – ਫਿਰ ਪਜਾਮਾ ਉਤਾਰਨਾ ਹੈ।

ਜੀ, ਪਜਾਮਾ ਉਤਾਰ ਦੇਵਾਂ ਜਾਂ ਤੁਸੀਂ ਮੰਨ ਲਉ ਕਿ ਉਤਾਰ ਦਿਤਾ ਹੈ।

ਬੋਰਡ ਮੈਂਬਰ – ਅਗੇ ਦਸੋ, ਪਜਾਮਾ ਉਤਾਰਨ ਦੀ ਲੋੜ ਨਹੀਂ ਹੈ।

ਇੱਕ ਹੋਰ ਬੋਰਡ ਮੈਂਬਰ – ਤੁਸੀਂ ਤਾਂ ਕਹਿੰਦੇ ਹੋ ਬੰਦ ਕਮਰਾ, ਬਾਥਰੂਮ ਜਾਂ ਖੁਲ੍ਹੇ ਮੈਦਾਨ ਇਸ਼ਨਾਨ ਦਾ ਤਾਹਨੂ ਕੋਈ ਫਰਕ ਨਹੀਂ, ਫਿਰ ਪਜਾਮਾ ਉਤਾਰ ਕੇ ਵਿਖਾਉ, ਏਥੇ ਕਿਹੜੀ ਕੋਈ ਲੇਡੀ ਮੈਂਬਰ ਹੈ।

ਚੈਚਲ ਸਿੰਘ – (ਇੱਕ ਦਮ ਪਜਾਮਾ ਉਤਾਰ ਦੇਂਦਾ ਹੈ, ਚਿਟੇ ਦੁਧ ਵਰਗੇ ਗੋਡਿਆਂ ਤੱਕ ਬ੍ਰੇਕਾਂ ਵਾਲੇ ਤੇ ਭਰਵੀਆਂ ਚੋਣਾਂ ਵਾਲੇ ਕਛਹਿਰੇ ਵਿਚ ਚੈਂਚਲ ਸਿੰਘ ਪਜਾਮੇ ਨਾਲੋਂ ਵੀ ਬੇਹਤਰ ਨੰਗੇਜ-ਕੱਜੀ ਦਿਖਾਈ ਦੇਂਦਾ ਹੈ।)

ਜੇ ਕੋਈ ਲੇਡੀ ਮੈਂਬਰ ਹੋਏ ਵੀ ਤਦ ਵੀ ਕੋਈ ਗੱਲ ਨਹੀਂ। ਸਿੰਘਾਂ ਦੇ ਗੋਡਿਆਂ ਤੱਕ ਬਰੇਕਾਂ ਵਾਲੇ ਤੇ ਭਰਵੀਆਂ ਚੋਣਾਂ ਵਾਲੇ ਕਛਹਿਰੇ, ਪੂਰੀ ਤਰ੍ਹਾਂ ਨੰਗੇਜ ਕਜਦੇ ਹਨ ਤੇ ਕਿਸੇ ਦੇ ਵੀ ਮਨ ਵਿਚ ਮੰਦ ਭਾਵਨਾ ਆਉਣ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ

ਇੱਕ ਹੋਰ ਤੀਜਾ ਮੈਂਬਰ – ਵਾਹ, ਭਾਈ ਵਾਹ! ਕਮਾਲ ਹੈ। ਸਿੰਘਾਂ ਦੀਆਂ ਗੱਲਾਂ ਸੁਣੀਆਂ ਸਨ ਪਰ ਕਦੇ ਵੇਖਿਆ ਨਹੀਂ ਸੀ।

ਚੈਂਚਲ ਸਿੰਘ – ਫਿਰ ਦੂਸਰੇ ਕੱਪੜੇ ਉਤਾਰਨੇ ਹਨ। ਦਸਤਾਰ ਇਕ-ਇਕ ਪੇਚ (ਲੜ) ਕਰਕੇ ਉਤਾਰਨੀ ਹੈ। ਹੇਠਲੀ ਕੇਸਕੀ (ਛੋਟੀ ਦਸਤਾਰ, ਡੇਢ-ਦੋ ਮੀਟਰ ਕੱਪੜੇ ਦੀ) ਨਹੀਂ ਉਤਾਰਨੀ।

ਬੋਰਡ ਮੈਂਬਰ – ਠੀਕ ਹੈ – ਅਗੇ ਦਸੋ।

ਚੈਂਚਲ ਸਿੰਘ – ਹਾਰ ਬਣਾਈ ਸ੍ਰੀ ਸਾਹਿਬ ਨੂ ਉਸੇ ਤਰ੍ਹਾਂ ਪਾ ਲੈਣਾ ਜਿਵੇਂ ਸ੍ਰੀ ਸਾਹਿਬ ਸਾਰੇ ਕੱਪੜਿਆਂ ਦੇ ਉਪਰੋਂ ਸਜਾਈ ਹੋਈ ਸੀ। ਫਿਰ ਕੇਸਕੀ ਉਤਾਰ ਕੇ, ਕੰਘਾ ਕੇਸਕੀ ਵਿਚ ਬੰਨ੍ਹ ਕੇ, ਕੇਸਕੀ ਦਾ ਕਮਰ ਕੱਸਾ ਕਰ ਲਿਆ ਜਾਵੇ। ਹੁਣ ਕੇਸੀਂ ਇਸ਼ਨਾਨ ਬੜੇ ਆਰਾਮ ਨਾਲ ਕੀਤਾ ਜਾ ਸਕਦਾ ਹੈ।

ਬੋਰਡ ਮੈਂਬਰ – ਬਿਲਕੁਲ ਠੀਕ। ਉਂਜ ਤਾਂ ਸਾਨੂ ਯਕੀਨ ਹੋ ਗਿਆ ਹੈ ਕਿ ਤੁਸੀਂ ਜੋ ਕਹਿੰਦੇ ਹੋ ਸਹੀ ਹੈ। ਪਰ ਸਾਡੀ ਦਿਲਚਸਪੀ ਤੇ ਜਾਣਕਾਰੀ ਲਈ ਅਗੇ ਹੋਰ ਦਸੋ ਤੇ ਦਸੀ ਚਲੋ, ਕਰਕੇ ਵਿਖਾਉਣ ਦੀ ਲੋੜ ਨਹੀਂ।

ਚੈਂਚਲ ਸਿੰਘ – ਕੇਸੀਂ ਇਸ਼ਨਾਨ ਕਰਕੇ ਕੇਸ ਚੰਗੀ ਤਰ੍ਹਾਂ ਤੌਲੀਏ ਨਾਲ ਸਾਫ ਕਰਕੇ, ਕਮਰ ਕਸਾ ਕੀਤੀ ਕੇਸਕੀ ਵਿਚੋਂ ਕੰਘਾ ਖੋਲ੍ਹ ਕੇ ਜੂੜੇ ਵਿਚ ਲਗਾ (ਸਜਾਅ) ਦਿੱਤਾ ਜਾਵੇ ਤੇ ਸਿਰ ਤੇ ਕੇਸਕੀ ਬੰਨ੍ਹ ਲਈ ਜਾਵੇ। ਫਿਰ ਸ੍ਰੀ ਸਾਹਿਬ (ਕਿਰਪਾਨ) ਦੇ ਗਾਤਰੇ ਦੀ ਗੰਢ ਮਾਰ ਕੇ ਸਿਰ ਤੇ ਕੇਸਕੀ ਦੇ ਉਪਰੋਂ ਦੀ ਬੰਨ ਲਈ ਜਾਵੇ। ਹੁਣ ਆਰਾਮ ਨਾਲ ਇਸ਼ਨਾਨ ਕੀਤਾ ਜਾ ਸਕਦਾ ਹੈ। ਇਸ਼ਨਾਨ ਕਰਨ ਤੋਂ ਬਾਅਦ ਵੱਡਾ ਤੌਲੀਆ ਲੱਕ ਦੁਆਲੇ ਲਪੇਟ ਕੇ ਗਿਲੇ ਕਛਹਿਰੇ ਦਾ ਇਕ ਪੌਂਚਾ ਲਾਹ ਕੇ, ਸੁਕੇ ਕਛਹਿਰੇ ਦਾ ਇੱਕ ਪੌਂਚਾ ਪਾਇਆ ਜਾਵੇ। ਫਿਰ ਦੂਸਰਾ ਗਿਲਾ ਪੌਂਚਾ ਲਾਹ ਕੇ, ਸੁਕੇ ਕਛਹਿਰੇ ਦਾ ਦੂਸਰਾ ਪੌਂਚਾ ਪਾ ਕੇ ਚੰਗੀ ਤਰ੍ਹਾਂ ਕਛਹਿਰਾ

ਠੀਕ ਕਰ ਲਿਆ ਜਾਵੇ। ਸੀਸ ਤੇ ਸਜੀ ਸ੍ਰੀ ਸਾਹਿਬ ਖੋਲ੍ਹ ਕੇ ਪਹਿਲਾਂ ਦੀ ਤਰ੍ਹਾਂ ਗੱਲ ਵਿਚ ਹਾਰ ਵਾਂਗ ਪਾ ਲਈ ਜਾਵੇ। ਫਿਰ ਕਪੜੇ ਪਾ ਲਏ ਜਾਣ।

ਅਖੀਰ ਵਿਚ ਗੱਲ ਵਿਚ ਹਾਰ ਪਾਈ ਸ੍ਰੀ ਸਾਹਿਬ ਉਪਰੋਂ ਦੀ ਸਜਾ ਲਈ ਜਾਵੇ ਜਾਂ ਜੇ ਕੋਈ ਕਮੀਜ਼ ਦੇ ਹੇਠੋਂ ਦੀ ਸ੍ਰੀ ਸਾਹਿਬ ਪਾਉਣਾ ਚਾਹੁੰਦਾਹੈ ਤਾਂ ਕਮੀਜ਼ ਪਾਉਣ ਤੋਂ ਪਹਿਲਾਂ ਸ੍ਰੀ ਸਾਹਿਬ ਠੀਕ ਕਰ ਲਈ ਜਾਵੇ ਤੇ ਫਿਰ ਉਪਰੋਂ ਦੀ ਕਮੀਜ਼ ਪਾ ਲਈ ਜਾਵੇ।

ਚੇਅਰਮੈਨ ਸਾਹਿਬ – ਬਹੁਤ ਅੱਛਾ, ਬਿਲਕੁਲ ਠੀਕ! ਦੇਖੋ, ਬਾਕੀ ਸਭ ਨੂੰ ਤਾਂ ਅਸੀਂ ਇਹੀ ਕਹਿ ਰਹੇ ਹਾਂ ਕਿ ਡਾਕ ਰਾਹੀਂ ਨਤੀਜੇ ਦੀ ਸੂਚਨਾ ਦਿਤੀ ਜਾਵੇਗੀ। ਪਰ ਤੁਹਾਨੂੰ ਮੈਨੂੰ ਇਹ ਦਸਕੇ ਖੁਸ਼ੀ ਹੋ ਰਹੀ ਹੈ ਕਿ ਤੁਸੀਂ ਕਲ੍ਹ ਨੂੰ ਦੰਸ ਵਜੇ ਇਸ ਦਫਤਰ ਤੋਂ ਆਪਣੀ ਨਿਯੁਕਤੀ ਪੱਤਰ ਪ੍ਰਾਪਤ ਕਰ ਲੈਣਾ। ਤੁਹਾਨੂੰ ਦੋਹਾਂ ਨੂੰ ਡੀ.ਪੀ.ਐਡ. ਟੀਚਰ ਵਜੋਂ ਚੁਣ ਲਿਆ ਗਿਆ ਹੈ।

ਦੋਵੇਂ ਪਿਆਰ ਤੇ ਨਿਮਰਤਾ ਸਹਿਤ ਫਤਹਿ ਬੁਲਾ ਕੇ ਬਾਹਰ ਆਉਂਦੇ ਹਨ ਤੇ ਗੁਰੂ ਪਾਤਸ਼ਾਹ ਦਾ ਸ਼ੁਕਰਾਨਾ ਕਰਨ ਲਈ ਤੁਰੰਤ ਗੁਰਦੁਆਰਾ ਸਾਹਿਬ ਪਹੁੰਚਦੇਹਨ।

(ਉਪਰੋਕਤ ਲਿਖੀ ਵਾਰਤਾ ਕੋਈ ਮਨਘੜਤ ਕਹਾਣੀ ਨਹੀਂ ਹੈ, ਬਲਕਿ ਹਕੀਕਤ ਹੈ। ਇਹ ਦੋਵੇਂ ਗੁਰਮੁੱਖਪਿਆਰੇ ਸਾਰੀ ਜ਼ਿੰਦਗੀ ਸਿੱਖੀ ਅਸੂਲਾਂ ਤੇ ਪਹਿਰਾ ਦੇਂਦੇ ਰਹੇ ਹਨ। ਨਾਮ ਬਾਣੀ ਨਾਲ ਜੁੜੇ ਸਿੱਖੀ ਦੀ ਇਹ ਜਿਉਂਦੀ ਜਾਗਦੀ ਮਿਸਾਲ ਮੇਰੇ ਵਰਗੇ ਕਈ ਲੋਕਾਂ ਵਾਸਤੇ ਪ੍ਰੇਰਨਾ ਸਰੋਤ (੍ਰੋਲਇ ਮੋਦਇਲ) ਰਹੀ ਹੈ। ਇਨ੍ਹਾਂ ਦਾ ਅਮਲੀ ਜੀਵਨ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਦਸੇ ਗੁਰਸਿੱਖਾਂ ਨਾਲ ਪੂਰੀ ਤਰ੍ਹਾਂ ਮੇਲ ਖਾਂਦਾ ਹੈ। ਪਰ ਇਹ ਠੀਕ ਹੈ ਕਿ ਅਜੋਕੇ ਸਮੇਂ ਅੰਦਰ ਅਜਿਹੇ ਗੁਰਸਿੱਖ ਵਿਰਲੇ ਹੀ ਹਨ।)

## 8. ਅਣਕਮਾਈ ਮਾਇਆ ਦੀ ਭੇਟਾ

(ਇਹ ਚੈਂਚਲ ਸਿੰਘ ਉਹੀ ਹੈ ਜਿਸਦਾ ਜ਼ਿਕਰ ਪਿਛਲੇ ਲੇਖ "ਬਾਣੀ ਵਿੱਚ ਭਿਜੇ ਬਾਣੇ" ਵਿੱਚ ਕੀਤਾ ਗਿਆ ਹੈ)

ਗੁਰਮੁੱਖਪਿਆਰੇ ਚੈਂਚਲ ਸਿੰਘ ਜੀ ਇਕ ਦਿਨ ਆਪਾ ਪੜਚੋਲ ਕਰਦੇ ਹੋਏ ਦੱਸ ਰਹੇ ਸਨ ਕਿ ਜਦ ਤੋਂ ਅਮ੍ਰਿਤ ਛੱਕਿਆ ਹੈ, ਗੁਰੂ ਪਾਤਸ਼ਾਹ ਨੇ ਮਿਹਰ ਕਰਕੇ, ਅਕਾਲਪੁਰਖ ਦੀ ਸਾਜੀ ਨਿਵਾਜੀ ਅਨਿਕ ਪ੍ਰਕਾਰੀ ਮਾਇਆ ਦੇ ਝਕੋਲਿਆਂ ਤੋਂ ਆਪ ਆਪਣਾ ਹੱਥ ਦੇ ਕੇ ਬਚਾਈ ਰੱਖਿਆ ਹੈ। ਸੋਚ ਸੋਚ ਕੇ ਕਹਿੰਦੇ ਹਨ ਕਿ ਇਕ ਵਾਰੀ 40 ਰੁ: ਦੀ ਹੇਰਾ ਫੇਰੀ ਦੀ ਗੱਲ ਹੋਈ ਸੀ।

"ਇਹ ਭਲਾ ਕੀ ਗੱਲ ਹੋਈ ਸੀ, ਜ਼ਰਾ ਵਿਸਥਾਰ ਨਾਲ ਦੱਸਣ ਦੀ ਖੇਚਲ ਕਰਨੀ" ਮੈਂ ਬੇਨਤੀ ਕੀਤੀ।

ਗਲ ਇਉਂ ਹੋਈ ਕਿ ਅੰਮ੍ਰਿਤਸਰ ਦੇ ਹਾਲ ਬਜ਼ਾਰ ਵਿਚ ਇਕ ਦੁਕਾਨ ਤੋਂ ਸਕੂਲ ਲਈ ਸਪੋਰਟਸ ਦਾ ਸਮਾਨ ਖਰੀਦਿਆ। ਦੁਕਾਨ ਤੋਂ ਤੁਰਨ ਲਗਿਆਂ ਉਸ ਦੁਕਾਨਦਾਰ ਨੇ 40 ਰੁ: ਮੇਰੀ ਜੇਬ ਵਿਚ ਪਾ ਦਿੱਤੇ। ਪਤਾ ਨਹੀਂ ਕਿਉਂ ਉਸ ਵੇਲੇ ਮੈਂ ਚੁਪ ਹੀ ਰਿਹਾ। ਹੁਣ ਮੈਂ ਦਰਬਾਰ ਸਾਹਿਬ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਨੂੰ ਤੁੰਰ ਪਿਆ।

ਮੇਰੇ ਅੰਦਰਲਾ ਰੱਬ ਰੂਪ ਮਨ ਮੈਨੂ ਫਿਟਕਾਰਾਂ ਪਾਵੇ ਕਿ ਇਹ 40 ਰੁ: ਜੇਬ ਵਿਚ ਪਾ ਕੇ ਪਾਪ ਦੀ ਪੰਡ ਕਾਹਦੇ ਲਈ ਚੁਕ ਲਈ ਹੈ? ਢਾਹ ਉਸਾਰੀਆਂ ਤੇ ਦਲੀਲਾਂ ਕਰਦਿਆਂ ਇਹ ਪੱਕਾ ਕਰ ਲਿਆ ਕਿ ਇਹ 40 ਰੁ: ਕਿਤੇ ਧਰਮ ਅਰਥ ਲਗਾ ਦੇਣੇ ਹਨ। ਪਰ ਮੈਂ ਇਹ ਕੰਮ ਦਰਬਾਰ ਸਾਹਿਬ ਦੇ ਅੰਦਰ ਜਾਣ ਤੋਂ ਪਹਿਲਾਂ ਮੁਕਾਉਣਾ ਜਰੂਰੀ ਸਮਝਦਾ ਸਾਂ ਤਾਂ ਕਿ ਅੰਦਰ ਮੱਥਾ ਟੇਕਣ ਲਗਿਆਂ ਮਨ ਤੇ ਕੋਈ ਪਾਪ ਭਾਰ ਨਾ ਰਹੇ।

ਦਰਬਾਰ ਸਾਹਿਬ ਦੇ ਬਾਹਰੋਂ ਇਕ ਦੁਕਾਨ ਤੋਂ 2 ਰੁ: ਹੋਰ ਆਪਣੇ ਕੋਲੋਂ ਪਾ ਕੇ 42 ਰੁ: ਦਾ ਗ੍ਰਾਮੋਫੋਨ ਤੇ ਵੱਜਣ ਵਾਲਾ ਧਾਰਮਿਕ ਰਿਕਾਰਡ (long player) ਜਿਸਤੇ ਜਪੁਜੀ ਸਾਹਿਬ ਤੇ ਰਹਿਰਾਸ ਸਾਹਿਬ ਦਾ ਪਾਠ ਸੀ, ਆਪਣੇ ਪਿੰਡ ਦੇ ਗੁਰਦੁਆਰੇ ਵਾਸਤੇ ਖ੍ਰੀਦ ਲਿਆ। (ਉਨ੍ਹੀ ਦਿਨੀ ਸੀ.ਡੀ. ਨਹੀਂ ਸਨ ਹੁੰਦੀਆਂ ਗ੍ਰਾਮੋਫੋਨ ਤੇ ਵੱਜਣ ਵਾਲੇ ਰਿਕਾਰਡ ਹੁੰਦੇਸਨ) ਭਾਣਾ ਕਰਤਾਰ ਦਾ ਇਹ ਰਿਕਾਰਡ ਗ੍ਰਾਮੋਫੋਨ ਤੇ ਚਲੇ ਪਰ ਆਵਾਜ਼ ਕੋਈ ਨਾ ਆਵੇ।

ਮੈਨੂ ਆਪਣੀ ਗਲਤੀ ਦਾ ਅਹਿਸਾਸ ਹੋਇਆ ਕਿ ਗੁਰੂ ਘਰ ਵਾਸਤੇ ਐਸੀ ਗੰਦੀ ਤੇ ਅਣਕਮਾਈ ਮਾਇਆ ਨਹੀਂ ਵਰਤਣੀ ਚਾਹੀਦੀ। ਇਸ ਤੋਂ ਬਾਅਦ ਜ਼ਿੰਦਗੀ ਭਰ ਦਾਸ ਨੇ ਇਸੇ ਅਸੂਲ ਤੇ ਪਹਿਰਾ ਦੇਣ ਦੀ ਕੋਸ਼ਿਸ਼ ਕੀਤੀ ਹੈ ਤੇ ਗੁਰੂ ਮਿਹਰ ਸਦਕਾ ਦੋਬਾਰਾ ਕੋਈ ਗਲਤੀ ਨਹੀਂ ਹੋਈ।

(ਸਾਨੂ ਸੰਭ ਨੂ ਸਿਖਿਆ ਲੈਣੀ ਚਾਹੀਦੀ ਹੈ ਕਿ ਨਾਜਾਇਜ਼ ਢੰਗਾਂ ਨਾਲ ਇੱਕਠੀ ਕੀਤੀ ਮਾਇਆ ਗੁਰਦੁਆਰੇ ਭੇਟਾ ਕਰਕੇ ਕੁਝ ਨਹੀਂ ਸੰਵਰਨਾ।)

## 9. ਕਿਤਾਬ ਚੋਰ ਬਦਲ ਗਿਆ

ਐਮ.ਏ. ਅੰਗਰੇਜੀ ਦੀ ਪੜ੍ਹਾਈਦੇ ਨਾਲ ਨਾਲ ਕੁਲਵੰਤ ਸਿੰਘ ਨੂ ਧਾਰਮਿਕ ਪੁਸਤਕਾਂ ਪੜ੍ਹਨਦਾ ਵੀ ਬਹੁਤ ਸ਼ੌਂਕ ਸੀ। ਉਸ ਨੂ ਸਿੱਖ ਧਰਮ ਨੇ ਸਭ ਤੋਂ ਵੱਧ ਪ੍ਰਭਾਵਿਤ ਕੀਤਾ ਤੇ ਉਹ ਅੰਮ੍ਰਿਤ ਛੱਕ ਕੇ ਸਿੰਘ ਸੱਜ ਗਿਆ। ਕੁਲਵੰਤ ਸਿੰਘ ਨੇ ਯੂਨੀਵਰਸਿਟੀ ਵਿਚੋਂ ਸਭ ਤੋ ਵੱਧ ਅੰਕ ਪ੍ਰਾਪਤ ਕਰਕੇ ਗੋਲਡ ਮੈਡਲ ਹਾਸਲ ਕੀਤਾ ਤੇ ਫਿਰ ਪੀ.ਐਚ.ਡੀ ਕਰਕੇ ਡਾ. ਕੁਲਵੰਤ ਸਿੰਘ ਬਣ ਗਿਆ। ਜਲਦੀ ਹੀ ਉਸਨੂ ਪੋਸਟਗਰੇਜੂਏਟ ਕਾਲਜ ਵਿਚ ਐਮ.ਏ. ਕਲਾਸਾਂ ਪੜ੍ਹਾਉਣ ਲਈ ਪ੍ਰੋਫੈਸਰ ਨਿਯੁਕਤ ਕਰ ਲਿਆ ਗਿਆ।

ਡਾ. ਕੁਲਵੰਤ ਸਿੰਘ ਬੜੀ ਮਿਹਨਤ ਤੇ ਲਗਨ ਨਾਲ ਪੜ੍ਹਾਉਂਦਾ ਤੇ ਵਿਦਿਆਰਥੀਆਂ ਵਿਚ ਬੜਾ ਹਰਮਨ ਪਿਆਰਾ ਹੋ ਗਿਆ। ਵਿਦਿਆਰਥੀਆਂ ਦੀ ਪੜ੍ਹਾਈਹੋਰ ਉਪਰ ਚੁੱਕਣਲਈ ਡਾ. ਸਾਹਿਬ ਨੇ ਆਪਣੇ ਤੋਰ ਤੇ ਐਮ.ਏ ਅੰਗਰੇਜੀ ਦੀ ਇਕ ਲਾਇਬ੍ਰੇਰੀ ਸਥਾਪਤ ਕਰ ਦਿੱਤੀ। ਆਪ ਕਿਤਾਬਾਂ ਇਸ਼ੂ ਕਰਦੇ ਤੇ ਵਿਦਿਆਰਥੀਆਂ ਨੂ ਪੜ੍ਹਨਦੀਆਂ ਸਲਾਹਾਂ ਦਿੰਦੇ। ਇਸ ਪੁਸਤਕ ਵਿਚੋਂ ਇਹ ਪੜ੍ਹੋ ਤੇ ਦੂਸਰੀ ਪੁਸਤਕ ਵਿਚੋਂ ਇਸ ਪੰਨੇ ਤੋਂ ਇਸ ਪੰਨੇ ਤੱਕ ਪੜ੍ਹਨਾ ਲਾਭਦਾਇਕ ਹੋਵੇਗਾ। ਸਿੱਟੇ ਵੱਜੋਂ ਯੂਨੀਵਰਸਿਟੀ ਦੇ ਨਤੀਜੇ ਵਧੀਆ ਆਉਣ ਲੱਗ ਪਏ ਤੇ ਹਰ ਸਾਲ ਗੋਲਡ ਮੈਡਲ ਵੀ ਇਸੇ ਕਾਲਜ ਦਾ ਲੜਕਾ ਪ੍ਰਾਪਤ ਕਰਨ ਲੱਗਾ।

ਇਕ ਵੇਰੀ ਇਕ ਘਟਨਾ ਇਸ ਤਰਾਂ ਘਟੀ ਕਿ ਇੱਕ ਵਿਦਿਆਰਥੀ ਨੇ ਆਪਣੇ ਇਮਤਿਹਾਨ ਦੇ ਆਖ਼ਰੀ ਦਿਨ ਲਾਇਬ੍ਰੇਰੀ ਦੀ ਅਲਮਾਰੀ ਦਾ ਸ਼ੀਸ਼ਾ ਤੋੜ ਕੇ ਕੁਝ ਕਿਤਾਬਾਂ ਕੱਢ ਲਈਆਂ। ਸ਼ਾਮ ਨੂ ਉਸ ਵਿਦਿਆਰਥੀ ਨੇ ਆਪਣੇ ਇੱਕ ਦੋਸਤ ਨੂ ਗੱਲਾਂ ਗੱਲਾਂ ਵਿਚ ਦੱਸ ਦਿਤਾ ਕਿ ਮੈਂ ਇਸ ਤਰ੍ਹਾਂ ਲਾਇਬ੍ਰੇਰੀ ਦਾ ਸੀਸ਼ਾ ਤੋੜ ਕੇ ਕਿਤਾਬਾਂ ਕੱਢ ਕੇ ਲਿਅਇਆ ਹਾਂ। ਉਸ ਦੋਸਤ ਨੇ ਸਮਝਾਉਣ ਦਾ ਯਤਨ ਕੀਤਾ ਕਿ ਤੂੰ ਡਾ. ਕੁਲਵੰਤ ਸਿੰਘ ਦਾ ਵਿਦਿਆਰਥੀ ਹੋ ਕੇ ਇਹ ਕਿਤਾਬਾਂ ਚੋਰੀ ਕਰਨ ਵਾਲਾ ਕੰਮ ਬਹੁਤ ਗਲਤ ਕੀਤਾ ਹੈ। ਮੈਨੂ ਦੇ ਦੇ ਕਿਤਾਬਾਂ ਮੈਂ ਪ੍ਰੋਫੈਸਰ ਸਾਹਿਬ ਨੂ ਮੋੜ ਦੇਵਾਗਾਂ ਤੇ ਉਨ੍ਹਾਂ ਤੋ ਮੁਆਫੀ ਮੰਗ ਲਵਾਗਾਂ ਤੇ ਤੇਰਾ ਨਾਮ ਤੱਕ ਨਹੀਂ ਲਵਾਂਗਾ। ਪਰ ਉਹ ਕਿਤਾਬਾਂ ਮੋੜਨ ਲਈ ਨਾ ਮੰਨਿਆ।

ਅਗਲੇ ਦਿਨ ਉਸ ਦੋਸਤ ਵਿਦਿਆਰਥੀ ਨੇ ਡਾ. ਕੁਲਵੰਤ ਸਿੰਘ ਨੂ ਜਾ ਸੂਚਨਾ ਦਿੱਤੀ ਕਿ ਇਸ ਤਰਾਂ ਇੱਕ ਵਿਦਿਆਰਥੀ ਨੇ ਕਿਤਾਬਾਂ ਚੋਰੀ ਕਰਕੇ ਆਪਣੇ ਬਿਸਤਰੇ ਵਿਚ ਬੰਨ ਲਈਆਂ ਹਨ ਤੇ ਹੁਣ ਰਿਕਸ਼ਾ ਲੈ ਕੇ ਬੱਸ ਸਟੈਂਡ ਨੂ ਜਾ ਰਿਹਾ ਹੈ। ਇਹ ਗੱਲ ਡਾ. ਕੁਲਵੰਤ ਸਿੰਘ ਦੇ ਦੂਸਰੇ ਸਾਥੀ ਪ੍ਰੋਫੈਸਰ ਵੀ ਸੁਣ ਰਹੇ ਸਨ। ਇਕ ਪ੍ਰੋਫੈਸਰ ਸਾਹਿਬ ਕਹਿਣ ਲੱਗੇ ਲਾਇਬ੍ਰੇਰੀ ਬੰਦ ਕਰ ਦਿਉ ਇਹੋ ਜਿਹੇ ਗੰਦੇ ਵਿਦਿਆਰਥੀ ਇਸ ਸਹੂਲਤ ਦੇ ਲਾਇਕ ਨਹੀਂ ਹਨ। ਦੂਸਰੇ ਪ੍ਰੋਫੈਸਰ ਨੇ ਸਲਾਹ ਦਿੱਤੀ ਕਿ ਪੁਲਿਸ ਦੀ ਮੱਦਦ ਨਾਲ ਬੱਸ ਸਟੈਂਡ ਤੇ ਛਾਪਾ ਮਾਰ ਕੇ ਕਿਤਾਬਾਂ ਬਰਾਮਦ ਕਰ ਲਈਆ ਜਾਣ। ਇਸ ਰਾਏ ਨਾਲ ਸਾਰੇ ਸਹਿਮਤ ਨਜ਼ਰ ਆ ਰਹੇ ਸਨ।

ਪਰ ਡਾ. ਕੁਲਵੰਤ ਸਿੰਘ ਜੀ ਨੇ ਜੋ ਹੁਣ ਤੱਕ ਚੁੱਪਚਾਪ ਬੈਠੇ ਸਨ, ਬੜੀ ਧੀਰਜ ਤੇ ਹਲੇਮੀ ਨਾਲ ਕਿਹਾ ਕਿਸੇ ਇਕ ਵਿਦਿਆਰਥੀ ਦੀ ਗਲਤੀ ਕਰਕੇ ਸਾਰੇ ਵਿਦਿਆਰਥੀਆਂ ਨੂੰ ਲਾਇਬ੍ਰੇਰੀ ਸਹੂਲਤ ਤੋਂ ਵਾਂਝਿਆਂ ਕਰਨਾ ਠੀਕ ਨਹੀਂ ਹੈ। ਚੰਗੇ ਵਿਦਿਆਰਥੀ ਜ਼ਿਆਦਾ ਹਨ ਮਾੜਾ ਤਾਂ ਸ਼ਾਇਦ ਇਹ ਇਕੋ ਹੀ ਹੈ। ਤੁਸੀਂ ਸੋਚੋ ਜਿਸਨੇ ਸੂਚਨਾ ਦਿੱਤੀ ਹੈ ਉਹ ਵੀ ਤਾਂ ਇਨ੍ਹਾਂ ਵਿਦਿਆਰਥੀਆਂ ਵਿਚੋਂ ਹੀ ਹੈ ਇਸ ਕਰਕੇ ਲਾਇਬ੍ਰੇਰੀ ਬੰਦ ਨਹੀਂ ਕਰਨੀ ਚਾਹੀਦੀ। ਦੂਸਰੇ ਇਹ ਵਿਦਿਆਰਥੀ ਸਾਡੇ ਪੁੱਤਾਂਧੀਆਂ ਵਾਂਗ ਹਨ। ਜੇਕਰ ਪੁੱਤਕੋਈ ਗਲਤੀ ਕਰੇ ਤਾਂ ਕੀ ਪਿਤਾ ਝੱਟ ਪੁਲੀਸ ਸਟੇਸ਼ਨ ਤੇ ਰਿਪੋਰਟ ਲਿਖਾਉਣ ਤੁਰ ਪੈਂਦਾ ਹੈ? ਜ਼ਰਾ ਸੋਚੋ ਕਿਤਾਬਾਂ ਤਾਂ ਨਵੀਆਂ ਖਰੀਦ ਲਵਾਂਗੇ , ਪਰ ਪੁਲੀਸ ਦੁਆਰਾ ਛਾਪਾ ਮਰਵਾ ਕੇ ਕਿਤਾਬਾਂ ਬਰਾਮਦ ਕਰਵਾਉਣ ਨਾਲ ਉਸ ਬੱਚੇ ਤੇ (ਜੋ ਮੈਨੂ ਆਪਣੇ ਪੁੱਤਰਾਂਵਾਂਗ ਹੈ) ਚੋਰੀ ਦਾ ਕੇਸ ਬਣ ਜਾਵੇਗਾ ਤੇ ਉਸ ਦਾ ਭਵਿੱਖ ਹਮੇਸ਼ਾ ਲਈ ਧੁੰਦਲਾਹੋ ਸਕਦਾ ਹੈ ।

ਡਾ. ਕੁਲਵੰਤ ਸਿੰਘ ਦੇ ਵਿਚਾਰ ਸੁਣ ਕੇ ਸਾਰੇ ਪ੍ਰੋਫੈਸਰ ਸਾਹਿਬਾਨ ਚੁੱਪਹੋ ਗਏ ਤੇ ਡਾ. ਸਾਹਿਬ ਨਾਲ ਆਪਣੀ ਸਹਿਮਤੀ ਪ੍ਰਗਟਾਉਣ ਲੱਗੇ। ਸੂਚਨਾ ਦੇਣ ਵਾਲੇ ਵਿਦਿਆਰਥੀ ਨੇ ਵੀ ਇਹ ਸਭ ਕੁਝ ਆਪਣੇ ਕੰਨੀ ਸੁਣਿਆ ਸੀ। ਉਹ ਅਤੀ ਜ਼ਜ਼ਬਾਤੀ ਹਾਲਤ ਵਿਚ ਸੀ। ਉਸ ਪਾਸੋਂ ਆਪਣਾ ਆਪ ਸੰਭਾਲਿਆ ਨਹੀਂ ਸੀ ਜਾ ਰਿਹਾ। ਏਸੇ ਵਿਦਿਆਰਥੀ ਨੇ ਤੁਪਰੋਕਤ ਸਾਰੀ ਵਾਰਤਾ ਕਿਤਾਬਾਂ ਚੋਰੀ ਕਰਨ ਵਾਲੇ ਵਿਦਿਆਰਥੀ ਨੂ ਵਾਂਪਸ ਜਾ ਸੁਣਾਈ।

ਪੰਜ ਸੱਤ ਦਿਨਾਂ ਬਾਅਦ ਇਕ ਦਿਨ ਪਰਮਿੰਦਰ ਸਿੰਘ, ਉਹੀ ਵਿਦਿਆਰਥੀ ਜੋ ਅਲਮਾਰੀ ਦਾ ਸ਼ੀਸ਼ਾ ਤੋੜ ਕੇ ਕਿਤਾਬਾਂ ਕੱਢ ਲੈ ਗਿਆ ਸੀ, ਕਾਲਜ ਆਇਆ ਤੇ ਰੋ-ਰੋ ਕੇ ਡਾ. ਸਾਹਿਬ ਦੇ ਪੈਰੀਂ ਪਈ ਜਾਵੇ। ਸਰ! ਮੇਰੇ ਤੋਂ ਬਹੁਤ ਵੱਡੀ ਗਲਤੀ ਹੋਈ ਹੈ, ਮੈਨੂੰ ਮੁਆਫ ਕਰ ਦਿਓ ।ਮੈਂ ਸਬਕ ਸਿਖ ਲਿਆ ਹੈ ਤੇ ਅੱਗੇ ਤੋਂ ਕਦੇ ਇਹੋ ਜਿਹੀ ਗਲਤੀ ਨਹੀਂ ਕਰਾਂਗਾ। ਇਸ ਗਲਤੀ ਲਈ ਮੈਨੂ ਜੋ ਵੀ ਸਜ਼ਾ ਦਿਓਗੇ ਮੈਂ ਭੁਗਤਣ ਲਈ ਤਿਆਰ ਹਾਂ। ਇਹ ਲਓ ਪੁਸਤਕਾਂ ਜੋ ਮੈਂ ਲੈ ਗਿਆ ਸਾਂ।

“ਪਰਮਿੰਦਰ ਸਿੰਘ ਤੂੰ ਆਪਣੀ ਗਲਤੀ ਦਾ ਅਹਿਸਾਸ ਕਰ ਲਿਆ ਹੈ ਤੇ ਪੁਸਤਕਾਂ ਵੀ ਵਾਪਸ ਮੋੜ ਦਿੱਤੀਆਂ ਹਨ, ਬਸ ਇਤਨਾ ਹੀ ਕਾਫੀ ਹੈ, ਹੋਰ ਕੋਈ ਸਜ਼ਾ ਨਹੀਂ ਤੇ ਨਾ ਹੀ ਤੈਨੂ ਮੁਆਫੀ ਮੰਗਣ ਦੀ ਲੋੜ ਹੈ” ਡਾ. ਸਾਹਿਬ ਨੇ ਪਿਆਰ ਭਰੇ ਲਹਿਜੇ ਨਾਲ ਕਿਹਾ ਤੇ ਪਰਮਿੰਦਰ ਸਿੰਘ ਨੂ ਘੁੱਟ ਕੇ ਗੱਲ ਨਾਲ ਲਾ ਲਿਆ। 'ਸਰ! ਤੁਸੀ ਕਿੰਨੇ ਚੰਗੇ ਤੇ ਮੈ ਕਿੰਨਾਂ ਮਾੜਾ ਹਾਂ ਫਿਰ ਵੀ ਤੁਸੀਂ ਮੈਨੂ ਮੁਆਫ ਹੀ ਨਹੀਂ ਕੀਤਾ, ਸਗੋਂ ਘੁਟ ਕੇ ਗੱਲ ਨਾਲ ਲਾ ਕੇ ਪਿਆਰ ਵੀ ਕੀਤਾ ਹੈ। ਪਰ ਹੁਣ ਸਰ ਮੇਰੇ ਤੇ ਕ੍ਰਿਪਾ ਕਰੋ, ਮੈਨੂ ਦੱਸੋ ਕਿ ਕੋਈ ਤੁਹਾਡੇ ਵਰਗਾ ਗੁਣਵਾਨ ਇਨਸਾਨ ਕਿਸ ਤਰਾਂ ਬਣੇ? ਪਰਮਿੰਦਰ ਦਾ ਮਨ ਅੰਦਰੋ ਪੂਰੀ ਤਰਾਂ ਪਿਘਲ ਚੁੱਕਾਸੀ।

“ਪਰਮਿੰਦਰ ਦੇਖ ਹੁਣ ਸਮਾਂ ਨਹੀਂ ਹੈ, ਮੈਂ ਕਲਾਸ ਪੜ੍ਹਾਉਣੀ ਹੈ ਤੂੰ ਸ਼ਾਮ ਨੂ ਘੰਰ ਆ ਜਾਵੀਂ” ਡਾ. ਸਾਹਿਬ ਇਹ ਕਹਿ ਕੇ ਕਲਾਸ ਰੂਮ ਵੱਲ ਚਲੇ ਗਏ। ਪਰਮਿੰਦਰ ਦੀਆਂ ਜਿਵੇਂ ਭੁੱਬਾਂਨਿਕਲ ਗਈਆਂ! “ਮੇਰੇ ਵਰਗੇ ਨਿਕੰਮੇ ਤੇ ਚੋਰ ਨੂ ਐਡੇ ਵੱਡੇ ਵਿਦਵਾਨ ਮਹਾਂਪੁਰਸ਼ ਨੇ ਘਰ ਬੁਲਾਇਆ ਹੈ ਪਰਮਿੰਦਰਾ ਸ਼ਰਮ ਦੇ ਪਾਣੀ ਵਿਚ ਨੱਕ ਡੋਬ ਕੇ ਮਰ ਜਾ, ਤੇ ਹੁਣ ਇਹ ਵੇਲਾ ਹੱਥੋਂ ਨਾ ਜਾਣ ਦੇਈਂ ਤੇ ਜਿਵੇਂ ਸਰ ਜੀ ਕਹਿਣ ਤੇ ਦੱਸਣ ਸਾਰੀ ਉਮਰ ਉਵੇਂ ਹੀ ਕਰੀਂ, ਸ਼ਾਇਦ ਤੇਰਾ ਪਾਪ ਧੋਤਾ ਜਾਵੇ .......” ਪਰਮਿੰਦਰ ਇਕੱਲਾ ਹੀ ਆਪਣੇ ਆਪ ਓੁੱਚੀ ਉੱਚੀ ਬੋਲ ਰਿਹਾ ਸੀ।

ਸ਼ਾਮ ਨੂ ਪ੍ਰੋ: ਸਾਹਿਬ ਨੇ ਬੜੇ ਪਿਆਰ ਤੇ ਧੀਰਜ ਨਾਲ ਪਰਮਿੰਦਰ ਨੂ ਸੰਮਝਾਇਆ ਕਿ ਜ਼ਿੰਦਗੀ ਜੀਉਣ ਦੇ ਸਾਰੇ ਰਾਜ਼ ਸ੍ਰੀ ਗੁਰੂ ਗੰ੍ਰਥ ਸਾਹਿਬ ਵਿਚ ਮੌਜੂਦ ਹਨ। ਗੁਰਬਾਣੀ ਨਾਲ ਜੁੜ ਜਾ ਤੇ ਉਹੀ ਕਰ ਜੋ ਗੁਰਬਾਣੀ ਸਿਖਿਆ ਦਿੰਦੀ ਹੈ। ਬੱਸ ਪਰਮਿੰਦਰ ਸਿੰਘ ਦਾ ਜੀਵਨ ਪਲਟ ਗਿਆ, ਸਮਾਂ ਪਾ ਕੇ, ਪਰਮਿੰਦਰ, ਡਾ. ਪਰਮਿੰਦਰ ਸਿੰਘ ਬਣਕੇ ਗਿਆਨ ਵੰਡਦਾ ਹੋਇਆ ਇਕ ਚਾਨਣ ਮੁਨਾਰਾ ਬਣ ਕੇ, ਵਿਦਿਆਰਥੀਆਂ ਦੇ ਜੀਵਨ ਰੁਸ਼ਨਾਉਣ ਦਾ ਪਰਉਪਕਾਰੀ ਕੰਮ ਕਰਨ ਲਗ ਪਿਆ।

## 10. ਏਹ ਕੁਟੰਬੁ ਤੂ ਜਿ ਦੇਖਦਾ...

ਕਰਤਾਰ ਸਿੰਘ, ਮੇਰਾ ਬਚਪਨ ਦਾ ਪੁਰਾਣਾ ਦੋਸਤ ਹੈ। ਬੜੇ ਲੰਬੇ ਅਰਸੇ ਬਾਅਦ, ਮੈਂ ਉਸਨੂੰ, ਉਸਦੇ ਪਿੰਡ, ਜਿੱਥੇ ਉਹ ਖੇਤੀ ਦਾ ਕੰਮ ਕਰਦਾ ਹੈ, ਮਿਲਣ ਗਿਆ। ਸੁੱਖਸਾਂਦ ਪੁੱਛਣਤੋਂ ਬਾਅਦ ਘਰੇਲੂ ਦੁੱਖਸੁੱਖਸਾਂਝੇ ਕਰਨ ਲੱਗੇ। ਕਰਤਾਰ ਸਿੰਘ ਅਤੀ ਜਜ਼ਬਾਤੀ ਤੇ ਵੈਰਾਗੀ ਅਵੱਸਥਾ ਵਿੱਚ ਸੀ - “ਬਹੁਤ ਬਖਸ਼ਿਸ਼ ਕੀਤੀ ਹੈ, ਗੁਰੂ ਨੇ, ਪਾਤਸ਼ਾਹ ਦਾ ਦੇਣ, ਮੈਂ ਕਦੇ ਨਹੀਂ ਦੇ ਸਕਦਾ। ਤਿੰਨੇ ਪੁੱਤਰਤੇ ਉਨ੍ਹਾਂ ਦੀ ਮਾਂ, ਮੇਰੀ ਡਟ ਕੇ ਵਿਰੋਧਤਾ ਕਰਦੇ ਹਨ, ਨਿਰਾਦਰੀ ਕਰਦੇ ਹਨ, ਬੁਰਾ-ਭਲਾ ਬੋਲਦੇ ਹਨ। ਮੈਂ ਸਾਰੀ ਉਮਰ, ਇੰਨ੍ਹਾਂ ਦਾ ਹੋਇਆ ਮਰ ਗਿਆ, ਪਰ ਅੱਜ ਮੇਰਾ ਸਾਰਾ ਪਰਿਵਾਰ, ਮੇਰਾ ਦੁਸ਼ਮਣ ਬਣਿਆ ਹੋਇਆ ਹੈ। ਜਦੋਂ ਮੈਂ ਨਿਰਪੱਖ ਹੋ ਕੇ, ਆਪਾ ਪੜਚੋਲਦਾ ਹਾਂ ਤਾਂ ਮੈਨੂੰ ਆਪਣੇ ਵਿੱਚ ਕੋਈ ਕਸੂਰ ਨਜ਼ਰ ਨਹੀਂ ਆਉਂਦਾ। ਜੇ ਮੈਂ ਕੁਝ ਕਰਾਂ ਜਾਂ ਕਹਾਂ ਤਾਂ ਕਹਿੰਦੇ ਹਨ, ਕਿਉਂ ਕੀਤਾ, ਕਿਉਂ ਕਿਹਾ? ਜੇ ਨਾਂ ਕਰਾਂ ਤੇ ਨਾਂ ਕਹਾਂ ਤੇ ਕਹਿੰਦੇ ਹਨ; ਕਿਓੁ ਨਹੀਂ ਕੀਤਾ, ਕਿਉਂ ਨਹੀਂ ਕਿਹਾ?”

ਮੈਂ ਹੈਰਾਨ ਹੋ ਕੇ ਪੁੱਛਿਆਕਿ ਕਰਤਾਰ ਸਿੰਘ, ਯਾਰ ਇਸ ਵਿੱਚ ਬਖਸ਼ਿਸ਼ ਵਾਲੀ ਕਿਹੜੀ ਗੱਲ ਹੈ।

"ਉਹ ਭਾਈ, ਤੁਸੀਂ ਜਿਆਦਾ ਪੜ੍ਹੇ ਹੋਏ ਹੋ ਤੇ ਅਸੀਂ ਅਨਪੜ੍ਹ ਮੂੜ੍ਹ ਹਾਂ, ਪਰ ਤੁਸੀਂ ਇਹ ਸਿੱਧੀ ਜਿਹੀ ਗੱਲ ਨਹੀਂ ਸਮਝ ਸਕੇ।"

ਹੁਣ ਤਾਂ ਮੇਰਾ ਆਪਾ ਉਛਲ-ਉਛਲ ਕੇ ਬਾਹਰ ਆ ਰਿਹਾ ਸੀ ਕਿ ਸਿੱਧੀ ਜਿਹੀ ਗੱਲ ਕੀ ਹੈ ਤੇ ਕਿਵੇਂ ਹੈ। ਮੇਰੀ ਉਤਸੁਕਤਾ ਦੇਖ ਕੇ, ਕਰਤਾਰ ਸਿੰਘ ਬੜੇ ਧੀਰਜ ਭਰੇ ਵੈਰਾਗ ਵਿੱਚ ਬੋਲਿਆ - "ਗੁਰਬਾਣੀ, ਜੋ ਸਾਨੂੰ ਬਾਰ-ਬਾਰ ਸਮਝਾਉਂਦੀ ਹੈ ਕਿ ਪਰਿਵਾਰ ਦੇ ਮੋਹ ਵਿੱਚ ਨਹੀਂ ਫਸਣਾ, ਕੀ ਮੇਰੇ ਵਰਗਾ ਮੂਰਖ, ਪਰਿਵਾਰ ਦੇ ਐਸੇ ਵਤੀਰੇ ਤੋਂ ਬਿਨਾਂ, ਗੁਰੂ ਸਾਹਿਬ ਦੀ ਇਹ ਗੱਲ ਸਮਝ ਸਕਦਾ ਸੀ। ਮੇਰੇ ਗੁਰੂ ਪਾਤਸ਼ਾਹ ਨੇ ਮਹਾਨ ਬਖਸ਼ਿਸ਼ ਕਰਕੇ, ਮੈਨੂੰ ਪਰਿਵਾਰਕ ਮੋਹ ਵਿੱਚੋਂ ਕੱਢ ਦਿੱਤਾ ਹੈ।" ਕਰਤਾਰ ਸਿੰਘ ਜੀ ਦੀ ਐਸੀ ਗੁਰਮੁੱਖ ਸੋਚ ਨੇ ਮੈਨੂੰ ਧੁਰ ਅੰਦਰੋਂ ਟੁੰਬ ਦਿੱਤਾ।

## 11. ਕੱਚਾ ਅਤੇ ਸੱਚਾ ਰਿਸ਼ਤਾ

ਬਹੁਤ ਪੁਰਾਣੀ ਗੱਲ ਹੈ। ਮੈਂ ਆਪਣੇ ਇੱਕ ਗੁਰਸਿੱਖ ਮਿੱਤਰ ਨਾਲ, ਉਨ੍ਹਾਂ ਦੇ ਕਿਸੇ ਵਾਕਫ ਦੇ ਘਰ ਵਿੱਚ ਬੈਠਾ ਸਾਂ। ਸਰਦਾਰ ਜੀ ਆਪ ਤਾਂ ਘਰ ਨਹੀਂ ਸਨ ਤੇ ਉਨ੍ਹਾਂ ਦੀ ਪਤਨੀ, ਆਪਣੇ ਪਤੀ ਦੀਆਂ ਬਹੁਤ ਜ਼ਿਆਦਾ ਤਾਰੀਫਾਂ ਕਰ ਰਹੀ ਸੀ। ਮੈਂ ਹੱਸ ਕੇ ਥੋੜੇ ਮਜ਼ਾਕੀਆ ਲਹਿਜੇ ਵਿੱਚ ਕਿਹਾ "ਅੱਜਕਲ੍ਹ ਮੈਂ ਪਤਨੀ ਦੇ ਮੂੰਹੋਂ ਪਤੀ ਦੀ ਤਾਰੀਫ ਘੱਟ ਹੀ ਸੁਣੀ ਹੈ, ਜਰੂਰ ਕੋਈ ਖਾਸ ਗੱਲ ਹੈ।"

ਮੇਰੇ ਇਹ ਕਹਿਣ ਤੇ ਉਹ ਬੀਬੀ ਦੇ ਵੈਰਾਗੀ ਅੱਥਰੂ ਸਾਫ ਦਿਖਾਈ ਦੇ ਰਹੇ ਸਨ। ਭਾਈ ਸਾਹਿਬ ਜੀ, ਸੱਚੀਂ, ਉਹ ਇੱਕ ਮਹਾਨ ਗੁਰਸਿੱਖ ਇਨਸਾਨ ਹਨ, ਜਿੰਨ੍ਹਾਂ ਪਿੱਛੇ ਮੈਂ ਔਗੁਣਾਂ ਭਰੀ ਵੀ ਤਰ ਗਈ। ਮੇਰੇ ਮਾਪਿਆਂ ਨੇ ਆਪਣੀ ਦੁਨੀਆਂਦਾਰੀ ਪਹੁੰਚ ਨਾਲ, ਹਰ ਤਰ੍ਹਾਂ ਯੋਗ, ਚੰਗਾ ਪੜ੍ਹਿਆ-ਲਿਖਿਆ, ਚੰਗੀ ਨੌਕਰੀ ਕਰਦਾ ਤੇ ਕਾਫੀ ਜਾਇਦਾਦ ਦਾ ਵਾਰਸ, ਵਰ ਲੱਭਿਆ ਤੇ ਮੇਰਾ ਅਨੰਦ ਕਾਰਜ ਕਰ ਦਿੱਤਾ। ਅਸੀਂ ਖੁਸ਼ੀਆਂ ਭਰੀ ਜ਼ਿੰਦਗੀ ਬਿਤਾਉਣ ਲੱਗੇ। ਇਨ੍ਹਾਂ ਦੇ ਦਫਤਰ ਵਿੱਚ ਇੱਕ ਗੁਰਮੁੱਖ ਪਿਆਰੇ ਹਨ, ਉਨ੍ਹਾਂ ਨੇ ਇਨ੍ਹਾਂ ਨੂੰ ਕੁਝ ਧਾਰਮਿਕ ਪੁਸਤਕਾਂ ਪੜ੍ਹਨ ਨੂੰ ਦਿੱਤੀਆਂ। ਇਹ ਧਰਮ ਵੱਲੋਂ ਕੋਰੇ ਤੇ ਅੰਦਰੋਂ ਸਾਫ। ਇੰਨ੍ਹਾਂ ਤੇ ਗੁਰਮਤਿ ਵਿਚਾਰਧਾਰਾ ਦਾ ਬੜੀ ਤੇਜ਼ੀ ਨਾਲ ਅਸਰ ਹੋਇਆ ਅਤੇ ਥੋੜ੍ਹੇ ਹੀ ਦਿਨਾਂ ਬਾਅਦ ਕਹਿਣ ਲੱਗੇ, ਤਿਆਰ ਹੋ ਜਾਓ, ਜੇ ਹੋ ਸਕੇ ਤਾਂ ਇਹ ਪੁਸਤਕਾਂ ਵੀ ਪੜ੍ਹ ਲਓ, ਆਪਾਂ ਅੰਮ੍ਰਿਤ ਛਕ ਕੇ ਗੁਰੂ ਦੇ ਲੜ ਲੱਗ ਜਾਣਾ ਹੈ।

ਪਰ ਮੈਂ ਅਭਾਗੀ, ਫੈਸ਼ਨਾਂ ਪੱਟੀ, ਦੁਨਿਆਵੀ ਮੌਜ-ਮਸਤੀਆਂ ਵਿੱਚ ਮਸਤ 'ਅੰਮ੍ਰਿਤ ਛਕਣ' ਦੀ ਗੱਲ ਸਹਿਣ ਨਾ ਕਰ ਸਕੀ ਤੇ ਵਿਰੋਧਤਾ ਕਰਨੀ ਸ਼ੁਰੂ ਕਰ ਦਿੱਤੀ। ਮੈਂ ਆਪਣੇ ਦੇਵਤਾ ਸਰੂਪ ਪਤੀ ਦੀ ਬਹੁਤ ਨਿਰਾਦਰੀ ਕੀਤੀ, ਬੁਰਾ-ਭਲਾ ਬੋਲਿਆ, ਘਰ ਵਿੱਚ ਕਲੇਸ਼ ਪੈ ਗਿਆ। ਇਹ ਗੱਲ ਮੈਂ ਆਪਣੇ ਪੇਕੇ ਘਰ ਵੀ ਦੱਸ ਦਿੱਤੀ। ਮੇਰੇ ਪੇਕੇ ਵੀ ਮੇਰੀ ਮਦਦ ਤੇ ਆ ਗਏ ਅਤੇ ਇਨ੍ਹਾਂ ਦੀ ਵਿਰੋਧਤਾ ਕਰਨ ਲੱਗੇ। ਇਹ ਮੂੰਹੋਂ ਕੋਈ ਮਾੜਾ ਲਫ਼ਜ਼ ਤਾਂ ਬੋਲਣ ਨਾਂ, ਪਰ ਇਹ ਕਹਿਣ ਕਿ ਅੰਮ੍ਰਿਤ ਤਾਂ ਛਕਣਾ ਹੀ ਹੈ ਤੇ ਇਸੇ ਵਿੱਚ ਹੀ, ਸਭ ਦਾ ਭਲਾ ਹੈ।

ਇੱਕ ਦਿਨ ਮੇਰੇ ਵੱਡੇ ਭਰਾ ਵੀ ਆ ਗਏ। ਰਾਤ ਨੂੰ ਘਮਸਾਣ ਦਾ ਯੁੱਧ ਹੋਇਆ, ਮੇਰੇ ਭਰਾ ਨੇ ਇਨ੍ਹਾਂ ਦੀ ਬਹੁਤ ਬੇਇੱਜ਼ਤੀ ਕੀਤੀ, "ਸਾਡੀ ਭੈਣ ਦੀ ਖਾਣ-ਹੰਢਾਣ ਦੀ ਉਮਰ ਸੀ ਤੇ ਤੂੰ ਇਹ ਕੀ ਪੰਗਾ ਪਾ ਦਿੱਤਾ ਹੈ।" ਅਸੀਂ ਦੋਵੇਂ ਗੁੱਸੇ ਵਿੱਚ

ਬੋਲਦੇ ਉਬਲਦੇ ਰਹੇ, ਗਾਲ੍ਹਾਂ ਕੱਢਦੇ ਰਹੇ, ਕਿਸਮਤ ਨੂ ਕੋਸਦੇ ਰਹੇ, ਪਰ ਇਹ ਅਡੋਲ ਰਹੇ ਤੇ ਇੱਕ ਵੀ ਮਾੜਾ ਲਫ਼ਜ਼ ਮੂੰਹੋਂ ਨਹੀਂ ਕੱਢਿਆ।

ਰਾਤ ਸਾਰੀ ਮੈਂ ਸੋ ਨਹੀਂ ਸਕੀ, ਕਿਸ ਤਰ੍ਹਾਂ ਦਾ ਆਦਮੀ ਹੈ, ਜਿਸਨੂ ਜ਼ਰਾ ਵੀ ਗੁੱਸਾ ਨਹੀਂ ਆਉਂਦਾ, ਪਰ ਆਪਣੀ ਗੱਲ ਤੇ ਵੀ ਕਾਇਮ ਹੈ। ਫਿਰ ਵੀ ਮੇਰਾ ਕਠੋਰ ਮਨ ਅੰਮ੍ਰਿਤ ਛਕਣ ਦੀ ਤਿਆਰੀ ਲਈ ਨਾ ਮੰਨਿਆ।

ਅਗਲੀ ਸਵੇਰ, ਜਦੋਂ ਮੈਂ ਬਿਸਤਰੇ ਤੋਂ ਉਠੀ ਤਾਂ ਇਹ ਇਸ਼ਨਾਨ ਕਰਕੇ ਪਾਠ ਕਰ ਚੁੱਕੇ ਸੀ। ਪਤਾ ਨਹੀਂ ਕਿਸ ਤਰ੍ਹਾਂ ਤੇ ਕਿਸ ਵੇਲੇ, ਇੰਨ੍ਹਾਂ ਨੇ ਮੇਰੇ ਪੈਰ ਫੜ ਲਏ। ਮੈਂ ਛੁਡਾਵਾਂ ਤੇ ਮਿੰਨਤਾਂ ਕਰਾਂ ਪਰ ਇਹ ਕਹਿਣ, ਨਹੀਂ ਭਲੀਏ ਤੂੰ ਧੰਨ ਹੈਂ, ਤੂੰ ਮੇਰੇ ਕਪਾਟ ਖੋਲ੍ਹ ਦਿੱਤੇ ਹਨ। ਮੈਂ ਤੇਰਾ ਦੇਣ ਨਹੀਂ ਦੇ ਸਕਦਾ। ਤੂੰ ਅੰਮ੍ਰਿਤ ਛਕਣ ਦੀ ਵਿਰੋਧਤਾ ਕਰਕੇ ਮੈਨੂੰ ਗੁਰਮਤਿ ਦੀ ਗੱਲ ਪੱਕੀ ਦ੍ਰਿੜ੍ਹ ਕਰਵਾ ਦਿੱਤੀ ਹੈ ਕਿ ਆਪਣਾ ਰਿਸ਼ਤਾ ਬਿਲਕੁਲ ਕੱਚਾ ਤੇ ਝੂਠਾ ਹੈ। ਹੁਣ ਤੂੰ ਅੰਮ੍ਰਿਤ ਛਕ ਨਾ ਛਕ ਤੇਰੀ ਮਰਜ਼ੀ, ਮੈਂ ਤਾਂ ਅੰਮ੍ਰਿਤ ਛਕਣਾ ਹੀ ਹੈ। ਇਹ ਕਹਿ ਕੇ ਇੰਨ੍ਹਾਂ ਮੇਰੇ ਪੈਰਾਂ ਤੋਂ ਸਿਰ ਚੁੱਕਿਆ

ਹੁਣ ਮੇਰੇ ਅੰਦਰਲਾ ਤੂਫਾਨ ਬਿਲਕੁਲ ਸ਼ਾਂਤ ਹੋ ਚੁੱਕਾ ਸੀ। ਮੈਂ ਦੂਸਰੇ ਕਮਰੇ ਵਿੱਚ ਆਪਣੇ ਭਰਾ ਪਾਸ ਗਈ ਤੇ ਉਨ੍ਹਾਂ ਨੂੰ ਕਿਹਾ ਕਿ ਤੁਸੀਂ ਨਾਸ਼ਤਾ ਕਰਕੇ ਚਲੇ ਜਾਓ, ਮੈਂ ਆਪਣਾ ਘਰ ਆਪੇ ਸੰਭਾਲ ਲਵਾਂਗੀ। ਭਰਾ ਨੂੰ ਵਿਦਾ ਕਰਕੇ, ਮੈਂ ਆਪਣੇ ਧਰਮਾਤਮਾ ਪਤੀ ਦੇ ਪਾਸ ਹਾਜ਼ਰ ਹੋਈ। ਗਲ ਵਿੱਚ ਪੱਲਾ ਪਾ ਕੇ ਬੇਨਤੀ ਕੀਤੀ ਕਿ "ਸਰਦਾਰ ਜੀ, ਮੈਂ ਹਰ ਤਰ੍ਹਾਂ ਤੁਹਾਡੀ ਆਗਿਆ ਵਿੱਚ ਹਾਂ।"

ਇਹ ਕਹਿ ਕੇ ਉਸ ਬੀਬੀ ਦੇ ਫੇਰ ਨੇਤ੍ਰ ਜੁੜ ਗਏ। ਧੰਨ ਹੋ ਸੱਚੇ ਪਾਤਸ਼ਾਹ! ਜੋ ਆਪਣੇ ਅਨਿਕ ਪ੍ਰਕਾਰੀ ਕੌਤਕ ਰਚ ਕੇ, ਮੇਰੇ ਵਰਗੇ ਅਉਗਣਹਾਰਿਆਂ ਨੂੰ ਬੰਖਸ਼ ਕੇ ਆਪਣੇ ਲੜ ਲਾ ਲੈਂਦੇ ਹੋ।

## 12. ਬਲਸ਼ਾਲੀ ਬੀਬੀ

ਬੀਬੀ ਗਿਆਨ ਕੌਰ ਗੁਰਸਿੱਖੀ ਸੇਵਾ ਸਿਮਰਨ ਵਿੱਚ ਪਰਪੱਕ ਬੀਬੀ ਹੈ। ਮੈਂ ਬੀਬੀ ਗਿਆਨ ਕੌਰ ਦੀ ਸੇਵਾ ਤੋਂ ਬੜਾ ਪ੍ਰਭਾਵਿਤ ਸਾਂ। ਕੀਰਤਨ ਸਮਾਗਮ ਦੀ ਸਮਾਪਤੀ ਤੇ ਪੰਗਤ ਵਿੱਚ ਲੰਗਰ ਛਕਦਿਆਂ, ਮੈਂ ਨਾਲ ਵਾਲੇ ਬੈਠੇ ਸੱਜਣ ਨੂੰ ਕਹਿ ਰਿਹਾ ਸਾਂ ਕਿ ਇਸ ਬੀਬੀ ਦੀ ਸੇਵਾ ਸਿਮਰਨ ਦੀ ਲਗਨ ਬੜੀ ਗੁਰਮੁੱਖੀ ਤੇ ਪ੍ਰਭਾਵਸ਼ਾਲੀ ਹੈ। ਇਹ ਬੀਬੀ ਤੇ ਇਸ ਦਾ ਪਰਿਵਾਰ ਧੰਨ ਹੈ। ਇਸਦਾ ਪਤੀ ਕਿੰਨਾ ਚੰਗਾ ਤੇ ਖੁਸ਼ਕਿਸਮਤ ਹੋਵੇਗਾ!

ਉਹ ਗੁਰਮੁੱਖ ਪਿਆਰੇ, ਮੇਰੀ ਗੱਲ ਸੁਣ ਕੇ ਕਹਿਣ ਲੱਗੇ ਕਿ ਖੁਸ਼ਕਿਸਮਤ ਵਾਲੀ ਗੱਲ ਤਾਂ ਠੀਕ ਹੈ ਪਰ ਚੰਗੇ ਪਤੀ ਵਾਲੀ ਠੀਕ ਨਹੀਂ ਹੈ। ਮੈਂ ਹੈਰਾਨੀ ਨਾਲ ਉਨ੍ਹਾਂ ਵੱਲ ਦੇਖਿਆ ਤਾਂ ਉਹ ਕਹਿਣ ਲੱਗਾ, ਮੈਂ ਹੀ ਉਨ੍ਹਾਂ ਦਾ ਪਤੀ ਹਾਂ। ਪਰ ਤੁਸੀਂ ਤਾਂ ਬਹੁਤ ਚੰਗੇ ਤੇ ਗੁਰਸਿੱਖ ਨਜ਼ਰ ਆ ਰਹੇ ਹੋ। ਇਹ ਸਭ ਮੇਰੀ ਭਾਗਾਂ ਵਾਲੀ ਪਤਨੀ ਕਰਕੇ ਹੋਇਆ ਹੈ, ਨਹੀਂ ਤਾਂ ਮੇਰਾ ਜੀਵਨ ਤਾਂ ਬਹੁਤ ਗੰਦਾ ਜੀਵਨ ਸੀ।

ਫਿਰ ਉਨ੍ਹਾਂ ਦੱਸਣਾ ਸ਼ੁਰੂ ਕੀਤਾ, ਇਹ ਪਹਿਲਾਂ ਤੋਂ ਹੀ ਕੁੱਝ ਧਾਰਮਿਕ ਰੁਚੀਆਂ ਦੇ ਹਨ ਤੇ ਮੈਂ ਸ਼ਰਾਬੀ, ਕਬਾਬੀ, ਗੰਦਾ। ਇਹ ਗੁਰਦੁਆਰੇ ਜਾਂਦੇ, ਕਥਾ ਕੀਰਤਨ ਸੁਣਦੇ ਤੇ ਮੈਂ ਟਿੱਚਰਾਂ, ਹੁੱਜਤਾਂ ਕਰਕੇ ਵਿਰੋਧਤਾ ਕਰਦਾ ਰਹਿੰਦਾ। ਇੱਕ

ਦਿਨ ਇਹ ਅੰਮ੍ਰਿਤ ਛਕ ਕੇ ਆ ਗਏ। ਮੈਂ ਲੋਹਾ ਲਾਖਾ ਗੁੱਸੇਨਾਲ ਲਾਲ ਪੀਲਾ- “ਆਹ ਕੀ ਕੀਤਾ, ਜਾਹ ਨਿੱਕਲ ਜਾ ਮੇਰੇ ਘਰੋਂ, ਤੂੰਮੇਰੇ ਕੰਮ ਦੀ ਨਹੀਂ ਰਹੀ।” ਮੈਂ ਗੰਦੀਆਂ ਗਾਲ੍ਹਾਂ ਕੱਢ ਰਿਹਾ ਸਾਂ। ਇੱਕ ਪੈੱਗ ਹੋਰ ਲਾ ਕੇ, ਮੈਂ ਇਸਨੂੰ ਵਾਲਾਂ ਤੋਂ ਫੜ ਕੇ ਕੁੱਟਣਾਸ਼ੁਰੂ ਕਰ ਦਿੱਤਾ।

ਇਸਨੇ ਇਹੀ ਕਿਹਾ ਕਿ ਮਾਰੋ ਜਿੰਨ੍ਹਾ ਮਰਜ਼ੀ, ਪਰ ਕੇਸਾਂ ਨੂੰ ਹੱਥ ਨਾ ਲਾਵੋ, ਇਹ ਮੇਰੇ ਗੁਰੂ ਦੀ ਮੋਹਰ (ਬਖਸ਼ਿਸ਼) ਹਨ। ਇਹ ਧੀਰਜ ਵਾਲੇ ਬੋਲਾਂ ਨੇ, ਮੈਨੂੰ ਹੋਰ ਖਿੱਝ ਚੜ੍ਹਾ ਦਿੱਤੀ। ਮੈਂ ਇਸਨੂੰ ਧੂਹ ਘਸੀਟ ਕੇ ਦਰਵਾਜੇ ਤੋਂ ਬਾਹਰ ਸੁੱਟਦਿੱਤਾ ਤੇ ਅੰਦਰੋਂ ਕੁੰਡਾਲਾ ਲਿਆ। ਸਰਦੀਆਂ ਦੇ ਦਿਨ ਮਾਘ (ਜਨਵਰੀ) ਦਾ ਮਹੀਨਾ ਤੇ ਇਹ ਤਿੰਨ ਕੱਪੜਿਆਂ ਵਿੱਚ ਸਾਰੀ ਰਾਤ ਬਾਹਰ ਰਹੀ। ਮੈਂ ਕਹਾਂ 'ਜਾਹ ਚਲੀ ਜਾ ਇਹ ਕਹੇ “ਮੈਂ ਨਹੀਂ ਜਾਣਾ” ਮੈਂ ਅੰਦਰ ਜਾਵਾਂ ਤਾਂ ਮੰਜੇ ਤੇ ਬੈਠਿਆ ਨਾ ਜਾਵੇ, ਬਾਹਰ ਕੰਧ ਤੋਂ ਦੇਖਾਂ ਤਾਂ ਅਡੋਲ ਵਾਹਿਗੁਰੂ-ਵਾਹਿਗੁਰੂ ਬੋਲੀ ਜਾਵੇ, ਵਿੱਚ-ਵਿੱਚ ਗੁਰਬਾਣੀ ਵੀ ਗਾਵੇ।

ਸਾਡੇ ਦੋਵੇਂ ਬੱਚੇ ਸਹਿਮੇ ਤੇ ਡਰੇ ਹੋਏ, ਇਹ ਸਾਰਾ ਵਰਤਾਰਾ ਦੇਖ ਰਹੇ ਸਨ। ਸਾਰੀ ਰਾਤ ਇਵੇਂ ਹੀ ਲੰਘੀ, ਇਹ ਅਡੋਲ ਰਹੀ ਤੇ ਮੈਂ ਭਟਕਦਾ ਰਿਹਾ। ਅਖੀਰ ਸਵੇਰ ਵੇਲੇ ਸ਼ਾਇਦ ਚਾਰ-ਪੰਜ ਵਜੇ, ਮੈਂ ਦਰਵਾਜਾ ਖੋਲ੍ਹਿਆ ਤੇ ਇੰਨ੍ਹਾਂ ਨੂੰ ਅੰਦਰ ਲਿਆ ਕੇ ਬਿਸਤਰੇ ਤੇ ਪਾ ਕੇ, ਰਜਾਈ ਦਿੱਤੀ। ਇੰਨ੍ਹਾਂ ਦਾ ਸਰੀਰ ਠੰਢ ਨਾਲ ਕੰਬ ਰਿਹਾ ਸੀ, ਪਰ ਮਨੋਂ ਚੜ੍ਹਦੀ ਕਲਾ ਵਿੱਚ ਸੀ। ਮੈਂ ਅੰਦਰੋਂ ਡਰ ਰਿਹਾ ਸਾਂ ਤੇ ਡੋਲਿਆ ਹੋਇਆ ਸਾਂ, ਮੈਨੂੰ ਸਮਝ ਨਹੀਂ ਲੱਗ ਰਹੀ ਸੀ, ਕਿ ਕੀ ਕਰਾਂ?” ਦੋ ਘੰਟੇ ਬਾਅਦ ਉਹ ਰਸੋਈ ਵਿੱਚ ਗਏ। ਸਾਰੇ ਪਰਿਵਾਰ ਨੂੰ ਖੁਆਇਆ ਪਿਆਇਆ। ਫਿਰ ਇਸ਼ਨਾਨ ਕਰਕੇ ਨਿੱਤਨੇਮ ਕਰਨ ਲੱਗ ਗਏ।

ਮੈਂ ਕੰਮ ਤੇ ਤਾਂ ਚਲਾ ਗਿਆ ਪਰ ਡਾਢਾ ਪਰੇਸ਼ਾਨ ਤੇ ਔਖਾ। ਸਾਰਾ ਦਿਨ ਢਾਹ ਉਸਾਰੀਆਂ ਕਰਦਾ ਰਿਹਾ। ਕਦੇ ਮੇਰਾ ਮਨ ਕਹਿੰਦਾ ਅੰਮ੍ਰਿਤ ਛਕਿਆ ਹੈ, ਕੋਈ ਮਾੜੀ ਗੱਲ ਤਾਂ ਨਹੀਂ ਹੈ। ਪਰ ਨਹੀਂ, ਇਹ ਮੈਨੂੰ ਸ਼ਰਾਬ ਛੱਡਣ ਲਈ ਵੀ ਕਹੇਗੀ। ਮੈਂ ਆਦਮੀ ਹਾਂ, ਔਰਤ ਦੇ ਆਖੇ ਲੱਗਾਂ। ਨਹੀਂ, ਇਹ ਕਦੇ ਨਹੀਂ ਹੋ ਸਕਦਾ। ਜੇ ਸ਼ਰਾਬ ਛੱਡ ਵੀ ਦਿਆਂ, ਤਾਂ ਫਿਰ ਅੰਮ੍ਰਿਤ ਛਕਣ ਲਈ ਕਹੇਗੀ। ਰਿਸ਼ਤੇਦਾਰਾਂ ਨੂੰ ਇਕੱਠੇ ਕਰਕੇ ਕਹਾਂ ਕਿ “ਮੈਂ ਨਹੀਂ ਇਸਨੂੰ ਰੱਖਣਾ” । ਪਰ ਸਾਰਿਆਂ ਨੇ ਮੇਰੀ ਗਲਤੀ ਕੱਢਣੀ ਹੈ ਤੇ ਕਹਿਣਾ ਹੈ ਕਿ ਇਸ ਦਾ ਕੋਈ ਕਸੂਰ ਨਹੀਂ।

ਸ਼ਾਮ ਨੂੰ ਜਦ ਘਰ ਪਰਤਿਆ ਤਾਂ ਬੱਚੇ ਇੱਕ ਤਰ੍ਹਾਂ ਮੇਰੇ ਗਲ ਪੈ ਗਏ, ਕਿ ਤੁਸੀਂ ਰਾਤੀਂ ਸਾਡੀ ਮਾਂ ਨੂੰ ਮਾਰਿਆ ਤੇ ਘਰੋਂ ਕੱਢਿਆ ਸੀ? ਮੈਨੂੰ ਬੱਚਿਆਂ ਨੇ ਬੜਾ ਬੁਰਾ-ਭਲਾ ਕਿਹਾ। ਮੈਨੂੰ ਤਾਂ ਲੱਗਦਾ ਸੀ ਕਿ ਬੱਚੇ ਮਾਂ ਦੇ ਪੜ੍ਹਾਏ ਹੋਏ ਹਨ। ਪਰ ਗੱਲ ਇਸਦੇ ਉਲਟ ਨਿੱਕਲੀ। ਇੰਨ੍ਹਾਂ ਨੇ ਬੱਚਿਆਂ ਨੂੰ ਬੜੇ ਧੀਰਜ ਨਾਲ ਡਾਂਟਿਆ ਤੇ ਕਿਹਾ, ਪਾਪਾ ਨੂੰ ਇਵੇਂ ਨਹੀਂ ਬੋਲੀਦਾ। ਤੁਹਾਡਾ ਬੱਚਿਆਂ ਦਾ ਮਾਂ-ਪਿਉ ਦੀਆਂ ਗੱਲਾਂ ਵਿੱਚ ਆਉਣ ਦਾ ਕੋਈ ਮਤਲਬ ਨਹੀਂ। “ਇਹ ਮੇਰੇ ਪਤੀ ਹਨ, ਖਬਰਦਾਰ! ਜੇ ਇਨ੍ਹਾਂ ਨੂੰ ਮਾੜਾ ਲਫ਼ਜ਼ ਬੋਲਿਆ।”

ਇੰਨ੍ਹਾਂ ਦੇ ਲਫ਼ਜ਼ਾਂ (ਨਹੀਂ, ਨਹੀਂ, ਬਚਨਾਂ) ਨੇ ਮੈਨੂੰ ਪਿਘਲਾ ਦਿੱਤਾ। ਮੈਂ ਅੰਦਰੋਂ-ਅੰਦਰੀ ਰੋਣ ਲੱਗ ਪਿਆ। ਜਦ ਮੇਰਾ ਆਪਣੇ ਤੇ ਕਾਬੂ ਨਹੀਂ ਰਿਹਾ ਤਾਂ ਮੈਂ ਕਮਰੇ ਵਿੱਚ ਜਾ ਕੇ, ਕੁੰਡਾਲਾ ਕੇ, “ਰੱਜ ਕੇ ਰੋਇਆ, ਮਨ ਹੌਲਾ ਕਰਕੇ ਬਾਹਰ ਆਉਂਦਿਆਂ ਉਚੀ ਨਾਲ ਕਿਹਾ, ਲੈ ਬਈ, ਅੱਜ ਤੋਂ ਬਾਅਦ ਮੈਂ ਸ਼ਰਾਬ ਨਹੀਂ ਪੀਣੀ।

ਇੰਨ੍ਹਾਂ ਦੇ ਨੇਤ੍ਰ ਬੰਦ ਹੋ ਗਏ, ਹੱਥ ਜੁੜ ਗਏ। ਬੜੇ ਭਾਵ ਪੂਰਤ ਲਫ਼ਜ਼ਾਂ ਵਿੱਚ ਅਰਦਾਸ ਕੀਤੀ ਤੇ ਗੁਰੂ ਮਹਾਰਾਜ ਦਾ ਸ਼ੁਕਰਾਨਾ ਕੀਤਾ। ਬਸ ਫਿਰ ਕੀ ਸੀ, ਅੱਜ ਹੋਰ, ਕੱਲ ਹੋਰ। ਇੰਨ੍ਹਾਂ ਨੇ ਮੂੰਹੋਂਨਹੀਂ ਕਿਹਾ, ਮੇਰਾ ਮਨ ਆਪਣੇ ਆਪ ਬਦਲ ਗਿਆ ਤੇ ਮੈਂ ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ ਹੋ ਗਿਆ।

### 13. ਜੀਵਨ ਬਦਲ ਗਏ

ਉਨ੍ਹੀਂ ਦਿਨੀਂ ਬਟਾਲੇ, ਅਸੀਂ ਇੱਕ ਛੋਟੀ ਜਿਹੀ ਲਾਇਬ੍ਰੇਰੀ ਖੋਲ੍ਹ ਰੱਖੀ ਸੀ, ਜਿੱਥੋਂ ਗੁਰਮਤਿ ਵਿਚਾਰਧਾਰਾ ਵਾਲੀਆਂ ਪੁਸਤਕਾਂ ਦਿੱਤੀਆਂ ਜਾਂਦੀਆਂ ਸਨ। ਇੱਕ ਸੀਨੀਅਰ ਇੰਜੀਨੀਅਰ ਬਿਜਲੀ ਬੋਰਡ, ਨਾਮ ਯਾਦ ਨਹੀਂ ਰਿਹਾ, ਸ਼ਾਇਦ ਸੁਰਿੰਦਰ ਸਿੰਘ ਸੀ, ਕਦੇ ਕਦਾਈਂ ਕੋਈ ਪੁਸਤਕ ਲੈ ਜਾਂਦਾ ਸੀ ਤੇ ਪੜ੍ਹ ਕੇ ਵਾਪਸ ਕਰ ਦਿੰਦਾ ਸੀ।

ਇੱਕ ਦਿਨ ਉਨ੍ਹਾਂ ਦੀ ਧਰਮ-ਪਤਨੀ ਵੀ ਨਾਲ ਸੀ। ਗੱਲਾਂ ਬਾਤਾਂ ਕਰਦਿਆਂ ਉਹ ਬੀਬੀ ਕਹਿਣ ਲੱਗੀ - ਜੀ, ਇਹ ਸ਼ਰਾਬ ਬਹੁਤ ਪੀਂਦੇ ਹਨ, ਕਿਸੇ ਤਰ੍ਹਾਂ ਇਨ੍ਹਾਂ ਦੀ ਸ਼ਰਾਬ ਛੁਡਵਾ ਦੇਵੋ। ਮੈਂ ਕਿਹਾ, ਜੀ ਛੱਡਣੀ ਤਾਂ ਇਨ੍ਹਾਂ ਨੇ ਆਪ ਹੀ ਹੈ, ਉਂਝ ਕਿਸੇ ਦਿਨ ਤੁਹਾਡੇ ਘਰ ਆ ਕੇ, ਅਸੀਂ ਇਨ੍ਹਾਂ ਨੂੰ ਬੇਨਤੀ ਕਰ ਵੇਖਾਂਗੇ। ਇੱਕ ਦਿਨ ਮੈਂ ਤੇ ਮੇਰਾ ਇੱਕ ਸਾਥੀ, ਇੰਜੀਨੀਅਰ ਸਾਹਿਬ ਦੇ ਘਰ ਪਹੁੰਚੇਤਾਂ ਕੀ ਵੇਖਦੇ ਹਾਂ ਕਿ ਭੈਣ ਜੀ ਆਪ ਤਾਂ ਪੇਕੇ ਗਏ ਹੋਏ ਸਨ ਤੇ ਪਿੱਛੋਂ ਇੰਜੀਨੀਅਰ ਸਾਹਿਬ ਸ਼ਰਾਬ ਦੇ ਨਸ਼ੇ ਵਿੱਚ ਚੂਰ ਸਨ। ਡਿੱਗਦੇ-ਢਹਿੰਦੇ ਬਾਹਰਲਾ ਦਰਵਾਜਾ ਖੋਲ੍ਹਣ ਆਏ। ਅਸੀਂ, ਉਨ੍ਹਾਂ ਨੂੰ ਇਸ ਹਾਲਤ ਵਿੱਚ ਵੇਖ ਕੇ ਬਾਹਰੋਂ ਹੀ ਵਾਪਸ ਪਰਤ ਆਏ।

ਦੋ ਦਿਨ ਬਾਅਦ ਉਹ ਆਪ ਹੀ ਆ ਗਏ। ਕੁਝ ਸ਼ਰਮਸਾਰ ਸਨ। ਦੱਸਦੇ ਸਨ ਕਿ ਵਿਦਿਆਰਥੀ ਜੀਵਨ ਵਿੱਚ, ਮੈਂ ਨਸ਼ੇ ਦੇ ਨੇੜੇ ਨਹੀਂ ਗਿਆ। ਖੂਬ ਪੜ੍ਹਾਈ ਕੀਤੀ, ਪੜ੍ਹਾਈ ਹੁਣ ਹੈ ਨਹੀਂ ਤੇ ਮੈਨੂ ਇਹ ਪੀਣ ਦੀ ਮਾੜੀ ਆਦਤ ਪੈ ਗਈ ਹੈ ਤੇ ਛੁੱਟਦੀਨਹੀਂ। ਤੁਸੀਂ ਹੀ ਕੁਝ ਮਿਹਰ ਕਰੋ।

ਮੈਂ ਕਿਹਾ, ਪਿਆਰਿਓ ਮਿਹਰ ਤਾਂ ਪ੍ਰਮਾਤਮਾ ਨੇ ਕਰਨੀ ਹੈ। ਤੁਸੀਂ ਜ਼ਰਾ ਆਪਣਾ ਮਨ ਪੱਕਾ ਕਰੋ। ਸੰਖੇਪ ਜਿਹਾ ਕੀਰਤਨ ਪ੍ਰੋਗਰਾਮ ਰੱਖਿਆ ਜਾਵੇ ਤੇ ਦੇਗ ਸਜਾਈ ਜਾਵੇ। ਗੁਰੂ ਸਾਹਿਬ ਜੀ ਦੀ ਹਜ਼ੂਰੀ ਵਿੱਚ ਪ੍ਰਣ ਕਰੋ ਕਿ ਮੈਂ ਅੱਗੇ ਤੋਂ ਸ਼ਰਾਬ ਨਹੀਂ ਪੀਵਾਂਗਾ ਤੇ ਸੰਗਤਾਂ ਗੁਰੂ ਮਹਾਰਾਜ ਅੱਗੇ ਤੁਹਾਡਾ ਪ੍ਰਣ ਤੇ ਪੱਕੇ ਰਹਿਣ ਦੀ ਅਰਦਾਸ ਕਰਨਗੀਆਂ।

ਐਸਾ ਹੀ ਹੋਇਆ, ਅਰਦਾਸ ਤੋਂ ਬਾਅਦ ਇੱਕ ਗੁਰਮੁੱਖਪਿਆਰੇ ਇੰਜੀਨੀਅਰ ਸਾਹਿਬ ਨੂੰ ਸੰਬੋਧਨ ਹੋ ਕੇ ਕਹਿਣ ਲੱਗੇ ਕਿ ਇਹ ਤੁਹਾਡੀ ਬੀਮਾਰੀ ਦਾ ਆਰਜ਼ੀ ਇਲਾਜ ਹੈ। ਇਸ ਬੀਮਾਰੀ ਨੂੰ ਜੜ੍ਹੋਂ ਪੁੱਟਣਲਈ ਅਪਰੇਸ਼ਨ ਦੀ ਲੋੜ ਹੈ, ਤੁਸੀਂ ਧਿਆਨ ਦੇਵੋ ਕਿ ਆਰਜ਼ੀ ਇਲਾਜ ਆਰਜ਼ੀ ਹੀ ਹੁੰਦਾਹੈ। ਇੰਜੀਨੀਅਰ ਵੀਰ ਸੰਜੀਦਾ ਹੋ ਕਿ ਪੁੱਛਣਲੱਗੇ, ਬਾਬਾ ਜੀ, ਕਿਹੜਾ ਅਪਰੇਸ਼ਨ, ਤੇ ਉਹ ਕਿਵੇਂ ਹੋਣਾ ਹੈ?

ਪਿਆਰਿਓ, ਤੁਸੀਂ ਤੇ ਤੁਹਾਡੀ ਪਤਨੀ ਦੋਵੇਂ ਅੰਮ੍ਰਿਤ ਛਕੋ। ਠੀਕ ਹੈ, ਮੈਂ ਸਮਝ ਗਿਆ ਹਾਂ, ਇੰਜੀਨੀਅਰ ਵੀਰ ਬੋਲਿਆ। ਦੋ ਮਹੀਨੇ ਬਾਅਦ ਉਨ੍ਹਾਂ ਦੀ ਪਤਨੀ ਵੱਲੋਂ ਸੁਨੇਹਾ ਆਇਆ ਕਿ ਸਾਡੇ ਘਰ ਆਵੋ। ਉਨ੍ਹਾਂ ਦੀ ਪਤਨੀ ਨਾਲ ਗੱਲਬਾਤ ਕਰਨ ਤੇ ਪਤਾ ਲੱਗਾ ਕਿ ਉਹ ਇਸ ਗੱਲ ਤੇ ਤਾਂ ਖੁਸ਼ ਹਨ ਕਿ ਉਨ੍ਹਾਂ ਦੇ ਪਤੀ ਨੇ ਸ਼ਰਾਬ ਛੱਡ ਦਿੱਤੀ ਹੈ। ਕਈਆਂ ਪਾਰਟੀਆਂ ਵਿੱਚ ਬਹੁਤ ਜ਼ੋਰ ਪਾਉਣ ਤੇ ਵੀ, ਉਹ ਆਪਣੇ ਪ੍ਰਣ ਤੇ ਕਾਇਮ ਰਹੇ ਹਨ।

ਪਰ ਉਹ ਪਰੇਸ਼ਾਨ ਇਸ ਗੱਲੋਂ ਹਨ ਕਿ ਸਾਨੂੰ ਅੰਮ੍ਰਿਤ ਛਕਣਾ ਪੈਣਾ ਹੈ। ਉਨ੍ਹਾਂ ਦੀ ਸਮੱਸਿਆ ਇਹ ਸੀ ਕਿ ਉਹ ਬਿਊਟੀ ਪਾਰਲਰ ਜਾਂਦੇ ਸਨ ਤੇ ਰੋਮਾਂ/ਕੇਸਾਂ ਦੀ ਬੇਅਦਬੀ ਕਰਦੇ ਸਨ। ਅਸੀਂ ਭੈਣ ਜੀ ਦੇ ਵਤੀਰੇ ਤੇ ਬੜੇ ਹੈਰਾਨ ਸਾਂ ਕਿ ਉਹ ਚਾਹੁੰਦੇ ਸਨ ਕਿ ਉਸਦਾ ਪਤੀ ਸ਼ਰਾਬ ਨਾ ਪੀਵੇ, ਪਰ ਆਪ ਮਨਮਤਿ ਛੱਡਣ ਨੂੰ ਤਿਆਰ ਨਹੀਂ ਸਨ। ਇੰਨੇ ਨੂੰ ਇੰਜੀਨੀਅਰ ਸਾਹਿਬ ਵੀ ਆ ਗਏ। ਉਨ੍ਹਾਂ ਆਉਂਦਿਆਂ ਹੀ ਪੁੱਛਿਆ ਕਿ ਭਾਈ ਸਾਹਿਬ ਦੱਸੋ, ਅੰਮ੍ਰਿਤ ਸੰਚਾਰ ਸਮਾਗਮ ਕਦੋਂ ਹੋਣਾ ਹੈ। ਮੈਂ (ਸੁਰਿੰਦਰ ਸਿੰਘ) ਤਾਂ ਆਪਣੇ ਆਪ ਨੂੰ ਪੂਰੀ ਤਰ੍ਹਾਂ ਤਿਆਰ ਕਰ ਲਿਆ ਹੈ। ਇਹ (ਪਤਨੀ ਵੱਲ ਇਸ਼ਾਰਾ ਕਰਕੇ) ਕੁਝ ਢਿੱਲ ਮੱਠ ਕਰ ਰਹੇ ਹਨ। ਤੁਸੀਂ ਮੈਨੂੰ ਸਮਝਾ ਕੇ, ਚੰਗੇ ਪਾਸੇ ਲਾ ਦਿੱਤਾ ਹੈ, ਹੁਣ ਇਨ੍ਹਾਂ ਦਾ ਵੀ ਕੁਝ ਕਰੋ।

ਮੈਂ ਕਿਹਾ ਜਿਵੇਂ ਗੁਰੂ ਨੇ ਤੁਹਾਡੇ ਤੇ ਬਖਸ਼ਿਸ਼ ਕੀਤੀ ਹੈ, ਇਨ੍ਹਾਂ ਤੇ ਵੀ ਹੋਵੇਗੀ। ਅਸੀਂ ਇਨ੍ਹਾਂ ਵਾਸਤੇ ਵੀ ਅਰਦਾਸ ਕਰਦੇ ਹਾਂ। ਓੜਕ ਦੋਹਾਂ ਨੇ ਅੰਮ੍ਰਿਤ ਛਕ ਲਿਆ ਤੇ ਗੁਰੂ ਲੜ ਲੱਗ ਕਿ ਖੇੜਿਆਂ ਭਰਿਆ ਆਨੰਦਮਈ ਜੀਵਨ ਬਤੀਤ ਕਰਨ ਲਗੇ।

## 14. ਧੰਨ ਗੁਰੂ! ਧੰਨ ਗੁਰੂ ਦੇ ਸਿੱਖ!!

1976 ਦੇ ਨੇੜੇ-ਤੇੜੇ ਦੀ ਗੱਲ ਹੈ। ਮੈਂ ਐਤਵਾਰ ਵਾਲੇ ਦਿਨ ਅੰਮ੍ਰਿਤਸਰ ਦਰਬਾਰ ਸਾਹਿਬ ਦਰਸ਼ਨ ਕਰਨ ਵਾਸਤੇ ਗਿਆ ਹੋਇਆ ਸਾਂ। ਪਰਕਰਮਾ ਕਰਦਿਆਂ ਦੁੱਖਭੰਜਨੀ ਬੇਰੀ ਦੇ ਨੇੜੇ ਸਿੰਘਾਂ ਦਾ ਇੱਕ ਜਥਾ ਇਸ਼ਨਾਨ ਕਰ ਰਿਹਾ ਸੀ। ਕੁੱਝ ਘੁਸਰ-ਮੁਸਰ ਤੇ ਫਿਰ ਉੱਚੀ ਰੌਲੇ ਜਿਹੇ ਦੀ ਆਵਾਜ਼ ਸੁਣ ਕੇ ਮੈਂ ਜ਼ਰਾ ਰੁਕ ਗਿਆ।

ਇੱਕ ਸਿੰਘ ਦੱਸ ਰਿਹਾ ਸੀ ਕਿ ਕਿਸੇ ਨੇ ਬਾਬਾ ਜੀ ਦੀ ਜੇਬ ਕੱਟ ਲਈ ਹੈ। ਦੂਸਰਾ ਸਿੰਘ ਪੁੱਛ ਰਿਹਾ ਸੀ ਕਿੰਨ੍ਹੇ ਕੁ ਪੈਸੇ ਸਨ। ਪੱਕਾ ਤਾਂ ਪਤਾ ਨਹੀਂ, ਪਰ ਕਈ ਹਜ਼ਾਰ ਹੋਣਗੇ। ਇਤਨੇ ਨੂੰ ਬਾਬਾ ਜੀ ਪੂਰੇ ਸਿੱਖੀ ਬਾਣੇ ਵਿੱਚ ਤੇ ਸਜ਼ੀਲੀ ਦਿੱਖ ਵਿੱਚ, ਮੇਰੇ ਬਿਲਕੁਲ ਨੇੜੇ ਹੀ ਆ ਖੜ੍ਹੇ ਹੋਏ।

ਸਾਰੇ ਸਿੰਘਾਂ ਨੂੰ ਇਸ਼ਾਰੇ ਨਾਲ ਆਪਣੇ ਨੇੜੇ ਬੁਲਾ ਲਿਆ। ਗੁਰਮੁਖੋ, ਕਿਸੇ ਨੇ ਇੱਥੇ ਇਹ ਗੱਲ ਨਹੀਂ ਕਰਨੀ ਕਿ ਮੇਰੀ ਜੇਬ ਕੱਟੀ ਗਈ ਹੈ। ਇਹ ਪੈਸੇ ਮੇਰੇ ਨਹੀਂ ਹਨ, ਸੰਗਤਾਂ ਦੇ ਹਨ। ਇੱਥੇ ਜੇਬ ਕੱਟਣ ਦਾ ਰੌਲਾ ਪਾਉਣਾ ਆਪਣਾ ਹੀ ਢਿੱਡ ਨੰਗਾ ਕਰਨ ਦੇ ਬਰਾਬਰ ਹੈ। ਸਿੰਘੋ! ਪੈਸਿਆਂ ਦੀ ਕੋਈ ਗੱਲ ਨਹੀਂ, ਪਰ ਮੈਨੂੰ ਇਹ ਗੱਲ ਔਖੀ ਤੇ ਬੇਇੱਜ਼ਤੀ ਵਾਲੀ ਲੱਗਦੀ ਹੈ ਕਿ ਕੱਲ ਨੂੰ ਲੋਕੀਂ ਕਹਿਣ ਤੇ ਅਖਬਾਰ ਲਿਖਣ ਕਿ ਗੁਰੂ ਦੇ ਦਰਬਾਰ ਸਾਹਿਬ ਦੀਆਂ ਪ੍ਰਕਰਮਾਂ ਵਿੱਚ ਜੇਬ ਕੱਟੀ ਗਈ ਹੈ।

ਮੇਰੇ ਮੂੰਹੋਂ ਆਪ ਮੁਹਾਰੇ ਨਿੱਕਲਿਆ, "ਧੰਨ ਗੁਰੂ, ਧੰਨ ਗੁਰੂ ਦੇ ਸਿੱਖ।"

(ਇਹ ਬਾਬਾ ਜੀ ਬਾਬਾ ਕਰਤਾਰ ਸਿੰਘ ਭਿੰਡਰਾਵਾਲੇ ਸਨ)

## 15. ਨਿਸ਼ਕਾਮ ਕੀਰਤਨ - ਵਾਹ!

ਭਾਈ ਹਰਭਜਨ ਸਿੰਘ ਜੀ ਪਾਸੋਂ, ਜਦ ਪਹਿਲੀ ਵਾਰੀ ਕੀਰਤਨ ਸੁਣਿਆ ਤਾਂ ਮੈਂ ਜਿਵੇਂ ਦੀਵਾਨਾ ਜਿਹਾ ਹੋ ਗਿਆ। ਉਹ ਕੀਰਤਨ ਭੇਟਾ ਨਹੀਂ ਲੈਂਦੇ, ਨਿਸ਼ਕਾਮ ਕੀਰਤਨ ਕਰਦੇ ਹਨ। ਮੈਂ ਪੁੱਛਦਾਫਿਰਾਂ ਕਿ ਉਹ ਕੌਣ ਹਨ, ਕਿੱਥੇ ਰਹਿੰਦੇ ਹਨ, ਕੀ ਕਰਦੇ ਹਨ, ਐਡੇ ਗੁਰਮੁੱਖਪਿਆਰੇ ਕਿ ਮੇਰੇ ਧੁਰ ਅੰਦਰ ਵੱਸ ਗਏ ਤੇ ਮਨੋਂ ਨਿੱਕਲਣ ਨਾਂ। ਪਿੱਛੋਂ ਉਨ੍ਹਾਂ ਨਾਲ ਬੜੀ ਗੂੜ੍ਹੀ ਮਿੱਤਰਤਾ ਹੋ ਗਈ। ਉਨ੍ਹਾਂ ਦੇ ਗੁਰਮੁੱਖੀਜੀਵਨ ਤੋਂ ਮੈਂ ਬਹੁਤ ਪ੍ਰਭਾਵਤ ਹਾਂ।

ਇੱਕ ਦਿਨ ਮੈਨੂ ਪੁੱਛਣਲੱਗੇ ਕਿ ਮੈਨੂ ਇੰਗਲੈਂਡ ਤੋਂ ਸਿੰਘਾਂ ਨੇ ਕੀਰਤਨ ਕਰਨ ਲਈ ਬੁਲਾਇਆ ਹੈ, ਜਾਵਾਂ, ਕਿ ਨਾਂ ਜਾਵਾਂ। ਮੈਂ ਕਿਹਾ ਜਰੂਰ ਜਾਵੋ, ਜਾਣਾ ਚਾਹੀਦਾ ਹੈ। ਇੰਗਲੈਂਡ ਤੋਂ ਸਿੰਘਾਂ ਵੱਲੋਂ ਸਪੋਂਸਰਸ਼ਿਪ ਤੇ ਟਿਕਟ ਵਾਸਤੇ ਲੋੜੀਂਦੀ ਮਾਇਆ ਪਹੁੰਚਗਈ। ਵੀਜ਼ਾ ਲਵਾਉਣ ਤੋਂ ਪਹਿਲਾਂ ਭਾਈ ਹਰਭਜਨ ਸਿੰਘ ਨੇ ਅਰਦਾਸ ਕੀਤੀ ਕਿ ਗੁਰੂ ਮਹਾਰਾਜ, ਜੇ ਆਪ ਜੀ ਨੂ ਭਾਉਂਦਾ ਤੇ ਚੰਗਾ ਲੱਗਦਾ ਹੈ, ਤਾਂ ਮੇਰਾ ਵੀਜ਼ਾ ਲੱਗ ਜਾਵੇ, ਨਹੀਂ ਤਾਂ ਨਾਂ ਲੱਗੇ। ਮੈਨੂ ਇੰਗਲੈਂਡ ਜਾਣ ਦੀ ਜਾਂ ਨਾਂ ਜਾਣ ਦੀ ਕੋਈ ਦਿਲਚਸਪੀ ਨਹੀਂ।

ਬਿਨ੍ਹਾਂ ਕਿਸੇ ਸਵਾਲ-ਜਵਾਬ ਦੇ ਤੁਰੰਤ ਵੀਜ਼ਾ ਲੱਗ ਗਿਆ। ਇੰਗਲੈਂਡ ਪਹੁੰਚਕੇ ਕੀਰਤਨ ਦੇ ਖੂਬ ਲਾਹੇ ਲਏ, ਵਾਪਸੀ ਤੇ ਟਿਕਟ ਤੋਂ ਵੱਧ, ਸਾਰੀ ਮਾਇਆ ਵਾਪਸ ਕਰ ਦਿੱਤੀ। ਹੈਰਾਨੀ ਸੀ ਸਭ ਨੂ,ੰ ਕੀਰਤਨ ਭੇਟਾ ਲੈਣੀ ਤਾਂ ਇੱਕ ਪਾਸੇ ਟਿਕਟ ਖਰਚ ਤੋਂ ਵਧੀ ਮਾਇਆ ਵੀ ਵਾਪਸ ਕਰ ਦਿੱਤੀ ਗਈ ਹੈ। ਕੌਮ ਨੂ ਐਸੇ ਜੀਵਨ ਵਾਲੇ ਗੁਰਸਿੱਖਾਂ ਤੇ ਮਾਣ ਹੈ।

## 16. ਸੁਣੀ ਸੁਣਾਈ ਗੱਲ ਤੋਂ ਤੋਬਾ

ਮਹਿੰਦਰ ਸਿੰਘ ਤੇ ਸੁਰਿੰਦਰ ਸਿੰਘ, ਸਵੇਰ ਦੇ ਦੀਵਾਨ ਦੀ ਸਮਾਪਤੀ ਤੋਂ ਬਾਅਦ ਗੁਰਦੁਆਰਾ ਸਾਹਿਬ ਦੇ ਜੋੜਾ ਘਰ ਵਿਖੇ, ਆਪਣੇ ਜੋੜੇ ਵਾਪਸ ਲੈਂਦੇ ਹੋਏ, ਕੁੱਝਇਸ ਤਰ੍ਹਾਂ ਗੱਲਾਂ ਕਰ ਰਹੇ ਸਨ।

ਮਹਿੰਦਰ ਸਿੰਘ: ਵਾਹ ਭਾਈ ਵਾਹ, ਅਨੰਦ ਆ ਗਿਆ, ਭਾਈ ਸਾਹਿਬ ਦੀ ਸ਼ਬਦ ਵਿਚਾਰ ਸੁਣ ਕੇ। ਬੜੀ ਕਿਰਪਾ ਹੈ ਗੁਰਮੁੱਖਪਿਆਰਿਆਂ ਤੇ, ਬੋਲ ਬਾਣੀ ਵਿੱਚ ਰਸ ਵੀ ਹੈ ਤੇ ਡੂੰਘੀਵਿਚਾਰ ਵੀ ਹੈ। ਇੱਕ ਵਾਰ ਤਾਂ ਚੰਗੀ ਤਰ੍ਹਾਂ ਜੋੜ ਦਿੰਦੇ ਹਨ, ਗੁਰੂ ਸ਼ਬਦ ਨਾਲ।

ਸੁਰਿੰਦਰ ਸਿੰਘ: ਇਹ ਤਾਂ ਠੀਕ ਹੈ, ਪਰ ਬਾਹਰ ਜਾ ਕੇ, ਜੋ ਕਰਤੂਤ ਕਰਕੇ ਆਏ ਹਨ, ਉਹ ਵੀ ਸੁਣੀ ਹੈ ਕਿ ਨਹੀਂ।

ਮਹਿੰਦਰ ਸਿੰਘ: ਨਹੀਂ, ਕੀ ਗੱਲ ਹੈ?

ਸੁਰਿੰਦਰ ਸਿੰਘ: ਲੈ, ਫਿਰ ਸੁਣ ਕੰਨ ਲਾ ਕੇ। ਵਿਦੇਸ਼ਾਂ ਵਿੱਚ ਵੱਸਦੇ ਸਿੱਖ ਅਮੀਰ ਹਨ, ਪੈਸੇ ਦੀ ਉਨ੍ਹਾਂ ਨੂ ਪਰਵਾਹ ਨਹੀਂ ਹੈ। ਇਹ ਗੁਰਦੁਆਰੇ ਦੇ ਪ੍ਰਬੰਧਕਾਂ ਨੂ ਦੱਸੇ ਬਿਨ੍ਹਾਂ ਚੋਖੀ ਮਾਇਆ ਇਕੱਠੀ ਕਰਕੇ ਲੈ ਆਇਆ ਹੈ। ਇਹ ਵੀ ਸੁਣਨ ਵਿੱਚ ਆਇਆ ਹੈ ਕਿ ਡਾਂਸ ਕਲੱਬਾਂ/ਪੱਬਾਂ ਵਿੱਚ ਵੀ ਗੇੜੇ ਮਾਰਦਾ ਰਿਹਾ ਹੈ।

ਮਹਿੰਦਰ ਸਿੰਘ: ਇਹ ਤਾਂ ਬੜੀ ਮਾੜੀ ਗੱਲ ਹੈ। ਦੇਖਣ ਨੂੰ ਏਨੇ ਗੁਰਮੁੱਖਲੱਗਦੇ ਹਨ ਤੇ ਵਿਚਾਰ ਇਵੇਂ ਹਨ, ਜਿਵੇਂ ਦੁੱਧ ਧੋਤੇ ਹੋਣ, ਪਰ ਕਰਤੂਤ ਇਹ, ਕੀ ਬਣੇਗਾ?

ਧਰਮ ਸਿੰਘ: (ਜੋ ਹੁਣ ਤੱਕ ਇਨ੍ਹਾਂ ਦੀਆਂ ਗੱਲਾਂ ਸੁਣ ਰਿਹਾ ਸੀ, ਕੁਝ ਨਰਮ ਜਿਹੇ ਲਹਿਜੇ ਨਾਲ ਬੋਲ ਪਿਆ।) ਤੁਸੀਂ ਆਪਣੇ ਨਾਲ ਗੁਰਦੁਆਰੇ ਤੋਂ ਗੁਰ ਸ਼ਬਦ ਵਿਚਾਰ ਦਾ ਤੱਤ ਸਾਰ ਲੈ ਕੇ ਜਾਣਾ ਹੈ ਜਾਂ ਨਿੰਦਾ ਚੁਗਲੀ ਦਾ ਗੰਦ ਚੁੱਕੀ ਫਿਰਨਾ ਹੈ।

ਸੁਰਿੰਦਰ ਸਿੰਘ: ਤੁਹਾਡਾ ਮਤਲਬ, ਮੈਂ ਗਲਤ ਕਹਿ ਰਿਹਾ ਹਾਂ ਤੇ ਝੂਠ ਬੋਲ ਰਿਹਾ ਹਾਂ।

ਧਰਮ ਸਿੰਘ: ਪਰ ਜੋ ਤੁਸੀਂ ਕਹਿ ਰਹੇ ਹੋ, ਇਸ ਨੂੰ ਬਿਨ੍ਹਾਂ ਪੜਤਾਲ ਕੀਤਿਆਂ ਸੱਚ ਵੀ ਕਿਵੇਂ ਮੰਨਿਆ ਜਾ ਸਕਦਾ ਹੈ? ਤੁਹਾਨੂੰ ਇਹਨਾਂ ਗੱਲਾਂ ਦਾ ਕਿਥੋਂ ਤੇ ਕਿਵੇਂ ਪਤਾ ਲੱਗਾ ਹੈ?

ਸੁਰਿੰਦਰ ਸਿੰਘ (ਜ਼ਰਾ ਝਿੱਜਕ ਕੇ): ਮੈਂ ਤਾਂ ਇੱਥੋਂ ਹੀ ਕਿਸੇ ਤੋਂ ਸੁਣਿਆ ਹੈ।

ਧਰਮ ਸਿੰਘ: ਕਿਸ ਤੋਂ ਸੁਣਿਆ ਹੈ, ਨਾਮ ਦੱਸੋ, ਉਸਨੂੰ ਮਿਲ ਕੇ ਸਾਰੀ ਗੱਲ ਦਾ ਪਤਾ ਕਰਦੇ ਹਾਂ।

ਸੁਰਿੰਦਰ ਸਿੰਘ: ਨਾਮ ਦਾ ਤਾਂ ਪਤਾ ਨਹੀਂ, ਕੱਲ੍ਹ ਦੀਵਾਨ ਦੀ ਸਮਾਪਤੀ ਤੋਂ ਬਾਅਦ ਜੋੜਾ-ਘਰ ਦੇ ਨੇੜੇ ਇੱਕ ਆਦਮੀ ਗੱਲਾਂ ਕਰੀ ਜਾਂਦਾ ਸੀ, ਕਾਫੀ ਲੋਕ ਉਸਦੇ ਦੁਆਲੇ ਇਕੱਠੇ ਹੋਏ ਸਨ। ਮੈਂ ਵੀ ਉਥੇ ਖੜ੍ਹ ਕੇ ਸੁਣਨ ਲੱਗ ਪਿਆ।

ਧਰਮ ਸਿੰਘ: ਮਹਿੰਦਰ ਸਿੰਘ ਦੇਖ, ਜਿਸ ਤੋਂ ਤੂੰ ਗੱਲ ਸੁਣੀ ਹੈ, ਉਸਨੂੰ ਤੂੰ ਜਾਣਦਾ ਨਹੀਂ, ਤੇ ਉਸਦੀ ਗੱਲ ਸੱਚੀ ਹੈ ਜਾਂ ਝੂਠੀ, ਇਸ ਬਾਰੇ ਕੁੱਝਕਿਹਾ ਨਹੀਂ ਜਾ ਸਕਦਾ। ਪਰ ਇੱਕ ਗੱਲ ਦੱਸ, ਅੱਜ ਗੁਰਸ਼ਬਦ ਵਿਚਾਰ ਉਸੇ ਤਰ੍ਹਾਂ ਹੀ ਧਿਆਨ ਨਾਲ ਸੁਣੀ ਹੈ ਜਿਵੇਂ ਕੱਲ੍ਹ ਸੁਣੀ ਸੀ।

ਸੁਰਿੰਦਰ ਸਿੰਘ: ਨਹੀਂ ਜੀ, ਇਹ ਸੱਚ ਹੈ ਕਿ ਅੱਜ ਮੇਰਾ ਮਨ ਨਹੀਂ ਟਿਕਿਆ ਤੇ ਮੈਂ ਭਾਈ ਸਾਹਿਬ ਦੇ ਹੇਰਾ-ਫੇਰੀ ਤੇ ਗੰਦੇ ਇਖਲਾਕ ਬਾਰੇ ਹੀ ਸੋਚਦਾ ਰਿਹਾ ਹਾਂ।

ਧਰਮ ਸਿੰਘ: ਤੇ ਹੁਣ ਤੁਸੀਂ ਉਹੀ (ਸੱਚੀ ਜਾਂ ਝੂਠੀ) ਗੱਲ ਸੁਣਾ ਕੇ ਮਹਿੰਦਰ ਸਿੰਘ ਨੂੰ ਵੀ ਗੁਰਸ਼ਬਦ ਵਿਚਾਰ ਨਾਲੋਂ ਤੋੜ ਰਹੇ ਹੋ।

ਸੁਰਿੰਦਰ ਸਿੰਘ (ਘਬਰਾ ਕੇ): ਜੀ, ਤੁਸੀਂ ਬਿਲਕੁਲ ਠੀਕ ਕਹਿ ਰਹੇ ਹੋ। ਪਰ ਕੀਤਾ ਕੀ ਜਾਵੇ?

ਧਰਮ ਸਿੰਘ: ਗਰਮੁਖੋ, ਕੀਤਾ ਇਹ ਜਾਵੇ, ਜੋ ਵੀ ਮਾੜੀ, ਝੂਠੀ, ਗੰਦੀ ਗੱਲ ਤੁਸੀਂ ਸੁਣਦੇ ਹੋ, ਉਸਨੂੰ ਉਥੇ ਹੀ ਛੱਡ ਦਿਓ, ਕਦੇ ਕਿਸੇ ਹੋਰ ਨਾਲ ਨਾ ਕਰੋ। ਝੂਠ ਤੇ ਗੰਦ ਨੂੰ ਫੈਲਾਓ ਨਾ। ਹਾਂ, ਜੇ ਕੋਈ ਚੰਗੀ ਵਧੀਆ ਗੱਲ/ਵਿਚਾਰ ਤੁਸੀਂ ਸੁਣਦੇ ਹੋ ਤਾਂ ਉਸਨੂੰ ਚਾਅ ਨਾਲ ਦੱਸਣ ਦੀ ਕੋਸ਼ਿਸ ਕਰੋ। ਮਤਲਬ "ਬੁਰਿਆਈ ਦਬਾਓ ਤੇ ਚੰਗਿਆਈ ਫੈਲਾਓ।" ਵੱਸਦੇ ਰਹੋ ਤੇ ਉਜੜ ਜਾਵੋ, ਵਿੱਚ ਗੁਰੂ ਨਾਨਕ ਸਾਹਿਬ ਜੀ ਦੀ ਇਹੀ ਡੂੰਘੀਰਮਜ਼ ਹੈ।

ਮਹਿੰਦਰ ਸਿੰਘ: ਆਪ ਜੀ ਦਾ ਬਹੁਤ ਧੰਨਵਾਦ, ਸਾਨੂੰ ਭੁੱਲਿਆਂਨੂੰ ਰਾਹ ਦਿਖਾਇਆ ਹੈ।

ਇਸ ਵਾਰਤਾਲਾਪ ਤੋਂ ਬਾਅਦ ਤਿੰਨੇ ਆਪੋ-ਆਪਣੇ ਘਰਾਂ ਨੂੰ ਚਲੇ ਗਏ। ਅਗਲੇ ਦਿਨ ਤਿੰਨੇ ਫੇਰ, ਉਸੇ ਸਮੇਂ ਤੇ ਉਸੇ ਥਾਂ ਤੇ ਮਿਲਦੇ ਹਨ।

ਮਹਿੰਦਰ ਸਿੰਘ: ਭਈ, ਹੱਦ ਹੋ ਗਈ। ਸੁਰਿੰਦਰ ਸਿੰਘ ਜੀ, ਕੱਲ੍ਹ ਜਿਹੜੀ ਗੱਲ ਤੁਸੀਂ ਭਾਈ ਸਾਹਿਬ ਬਾਰੇ ਦੱਸੀ ਸੀ, ਉਹ ਬਿਲਕੁਲ ਗਲਤ ਤੇ ਝੂਠੀ ਹੈ।

ਸੁਰਿੰਦਰ ਸਿੰਘ: ਇਹ ਤੁਸੀਂ ਕਿਵੇਂ ਕਹਿ ਸਕਦੇ ਹੋ?

ਮਹਿੰਦਰ ਸਿੰਘ: ਮੈਂ ਪੜਤਾਲ ਕਰਕੇ ਸੱਚਾਈ ਦਾ ਪਤਾ ਲਾ ਲਿਆ ਹੈ। ਮੈਨੂੰ ਤਾਂ ਚੈਨ ਨਹੀਂ ਆਇਆ, ਜਦ ਤੱਕ ਮੈਂ ਪੂਰੀ ਤਸੱਲੀ ਨਹੀਂ ਕਰ ਲਈ। ਤੁਸੀਂ ਚਾਹੋ ਤਾਂ ਤੁਹਾਡੀ ਵੀ ਗੱਲ ਕਰਵਾ ਦਿੰਦਾ ਹਾਂ।

ਸੁਰਿੰਦਰ ਸਿੰਘ: ਨਹੀਂ, ਸਾਨੂੰ ਤੁਹਾਡੇ ਤੇ ਭਰੋਸਾ ਹੈ, ਪਰ ਹੁਣ ਤੁਸੀਂ ਖੋਲ੍ਹ ਕੇ ਸਾਰੀ ਗੱਲ ਦੱਸੋ।

ਮਹਿੰਦਰ ਸਿੰਘ: ਪਹਿਲਾਂ ਮੈਂ ਫੋਨ ਰਾਹੀਂ ਪਤਾ ਕੀਤਾ ਕਿ ਭਾਈ ਸਾਹਿਬ ਕਿੱਥੇ ਤੇ ਕਦੋਂ ਗਏ ਸਨ। ਉਥੇ ਜਿਸ ਗੁਰਦੁਆਰੇ ਦੀ ਪ੍ਰਬੰਧਕ ਕਮੇਟੀ ਨੇ ਇਨ੍ਹਾਂ ਨੂੰ ਬੁਲਾਇਆ ਸੀ, ਉਨ੍ਹਾਂ ਦੇ ਪ੍ਰਧਾਨ ਨਾਲ, ਮੇਰੀ ਵਿਸਥਾਰ ਨਾਲ ਗੱਲ ਹੋਈ ਹੈ। ਉਹ ਬੜੇ ਹੈਰਾਨ ਪ੍ਰੇਸ਼ਾਨ ਸਨ ਕਿ ਐਸੇ ਗੁਰਮੁੱਖਸੱਜਣ ਤੇ ਅਜਿਹੇ ਝੂਠੇ ਇਲਜ਼ਾਮ ਲਾਉਣ ਦਾ ਕੀ ਮਤਲਬ ਹੈ?

ਉਨ੍ਹਾਂ ਕਿਹਾ ਮੈਂ ਸ਼ਾਮ ਦੇ ਦੀਵਾਨ ਵਿੱਚ ਅਨਾਊਂਸਮੈਂਟ ਕਰਵਾਵਾਂਗਾ ਕਿ ਉਹ ਸੱਜਣ ਆਪਣੇ ਨਾਮ ਦੱਸਣ, ਜਿੰਨ੍ਹਾਂ ਨੇ ਭਾਈ ਸਾਹਿਬ ਨੂੰ ਆਪਣੇ ਤੌਰ ਤੇ ਕੋਈ ਮਾਇਆ ਆਦਿ ਭੇਟਾ ਕੀਤੀ ਹੈ। ਉਂਝ ਵੀ ਸਾਰੀਆਂ ਸੰਗਤਾਂ ਨਿੱਜੀ ਤੌਰ ਤੇ ਜਾਣੀਆਂ ਪਛਾਣੀਆਂ ਹਨ ਤੇ ਐਸੀ ਜੇਕਰ ਕੋਈ ਗੱਲ ਹੋਵੇ ਤਾਂ ਝੱਟ ਪਤਾ ਲੱਗ ਜਾਂਦਾ ਹੈ। ਜਿੱਥੋਂ ਤੱਕ ਡਾਂਸ ਕਲੱਬਾਂ/ਪੱਬਾਂ ਤੇ ਜਾਣ ਦਾ ਸਵਾਲ ਹੈ, ਇਸ ਬਾਰੇ ਮੈਂ ਤੁਹਾਨੂੰ ਸਤਨਾਮ ਸਿੰਘ ਜੀ ਦਾ ਫੋਨ ਦੇ ਦਿੰਦਾ ਹਾਂ। ਤੁਸੀਂ ਆਪ ਹੀ ਗੱਲ ਕਰ ਲਓ। ਸਤਨਾਮ ਸਿੰਘ ਜੀ ਨੇ ਭਾਈ ਸਾਹਿਬ ਨੂੰ ਆਪਣੇ ਪਾਸ ਠਹਿਰਾਉਣ ਦੀ ਸੇਵਾ ਮੰਗ ਕੇ ਲਈ ਸੀ। ਬਾਕੀ ਗੱਲ, ਮੈਂ ਤੁਹਾਡੇ ਨਾਲ ਰਾਤ ਦੇ ਦੀਵਾਨ ਤੋਂ ਬਾਅਦ ਕਰਾਂਗਾ।

ਪ੍ਰਧਾਨ ਜੀ ਨਾਲ ਗੱਲ ਕਰਨ ਤੋਂ ਬਾਅਦ, ਮੈਂ ਤੁਰੰਤ ਸਤਨਾਮ ਸਿੰਘ ਜੀ ਦਾ ਨੰਬਰ ਮਿਲਾ ਲਿਆ। ਜਦ ਮੈਂ ਉਨ੍ਹਾਂ ਨਾਲ ਭਾਈ ਸਾਹਿਬ ਦੇ ਡਾਂਸ ਕਲੱਬਾਂ/ਪੱਬਾਂ ਵਿੱਚ ਜਾਣ ਦਾ ਜ਼ਿਕਰ ਕੀਤਾ ਤਾਂ ਉਹ ਇਕਦਮ ਤ੍ਰਭਕ ਗਏ। ਡਾਢੇ ਹੈਰਾਨ ਤੇ ਪਰੇਸ਼ਾਨ ਹੋ ਕੇ, ਉਨ੍ਹਾਂ ਨੇ ਆਪਣੀ ਨਾਰਾਜ਼ਗੀ ਪ੍ਰਗਟ ਕੀਤੀ। ਉਨ੍ਹਾਂ ਮੈਨੂੰ ਦੱਸਿਆ ਕਿ ਇੱਕ ਹਫਤਾ ਭਾਈ ਸਾਹਿਬ ਇੱਥੇ ਰਹੇ ਹਨ। ਗੁਰਦੁਆਰੇ ਹਾਜ਼ਰੀ ਭਰਨ ਤੋਂ ਬਾਅਦ, ਸਾਰਾ ਸਮਾਂ ਉਨ੍ਹਾਂ ਨੇ ਮੇਰੇ ਨਾਲ (ਸਤਨਾਮ ਸਿੰਘ ਨਾਲ) ਬਿਤਾਇਆ ਹੈ। ਮੈਂ ਆਪਣੇ ਕੰਮ ਤੋਂ ਛੁੱਟੀਕੀਤੀ ਹੋਈ ਸੀ ਕਿਉਂਕਿ ਮੈਂ ਵੱਧ ਤੋਂ ਵੱਧ, ਉਨ੍ਹਾਂ ਦੀ ਸੰਗਤ ਵਿੱਚ ਰਹਿ ਕੇ ਗੁਰਮਤਿ ਵਿਚਾਰਾਂ ਕਰਨਾ ਚਾਹੁੰਦਾਸਾਂ। ਉਹ ਤਾਂ ਹਰ ਸਮੇਂ ਮੇਰੇ ਨਾਲ ਰਹੇ ਹਨ। ਡਾਂਸ ਕਲੱਬ ਕਿਹੜੇ ਵੇਲੇ ਗਏ ? ਇਹ ਬਿਲਕੁਲ ਕੋਰਾ ਝੂਠ ਹੈ।

ਰਾਤ ਨੂੰ ਪ੍ਰਧਾਨ ਜੀ ਨੇ ਆਪ ਹੀ ਫੋਨ ਕਰ ਲਿਆ ਤੇ ਦੱਸਿਆ ਕਿ ਚੰਗੀ ਤਰ੍ਹਾਂ ਪੁੱਛਪੜਤਾਲ ਕਰ ਲਈ ਹੈ। ਭਾਈ ਸਾਹਿਬ ਵੱਲੋਂ ਕਿਸੇ ਪਾਸੋਂ ਮਾਇਆ ਲੈਣ ਵਾਲੀ ਗੱਲ ਬਿਲਕੁਲ ਝੂਠੀ ਹੈ। ਉਹ ਦੁਖੀ ਸਨ ਕਿ ਪੰਜਾਬ ਵਿੱਚ ਐਸੀ ਝੂਠੀ ਇਲਜ਼ਾਮ- ਬਾਜ਼ੀ ਕਿਉਂ ਤੇ ਕਿਵੇਂ ਹੁੰਦੀਹੈ?

ਸੁਰਿੰਦਰ ਸਿੰਘ (ਜੋ ਗੁੱਸੇਨਾਲ ਲਾਲ ਪੀਲਾ ਹੋ ਰਿਹਾ ਸੀ): ਯਾਰ, ਇਹ ਜਰੂਰ ਕੋਈ ਸਾਜਿਸ਼ ਹੈ ਤੇ ਅਜਿਹੀਆਂ ਸਾਜਿਸ਼ਾਂ ਤੇ ਸ਼ਰਾਰਤਾਂ, ਸਾਨੂੰ ਧਰਮ ਨਾਲੋਂ ਤੋੜਨ ਲਈ ਜਾਣ ਬੁੱਝਕੇ, ਸਿੱਖ ਵਿਰੋਧੀ ਦੁਸ਼ਮਣਾਂ ਵੱਲੋਂ ਕੀਤੀਆਂ ਜਾ ਰਹੀਆਂ ਹਨ। ਉਸ ਬੰਦੇ ਦਾ ਮੈਂ ਜਰੂਰ ਪਤਾ ਲਗਾਵਾਂਗਾ ਤੇ ਸਾਰੀ ਗੱਲ ਦੀ ਤਹਿ ਤੱਕ ਪਹੁੰਚਣਦੀ ਕੋਸ਼ਿਸ਼ ਕਰਾਂਗਾ।

ਧਰਮ ਸਿੰਘ: ਪਿਆਰਿਓ, ਤੁਸੀਂ ਕਿਹੜੀ-ਕਿਹੜੀ ਗੱਲ ਦੀ ਤਹਿ ਤੱਕ ਪਹੁੰਚੋਗੇ ਕਿਉਂ ਆਪਣਾ ਸਮਾਂ ਖਰਾਬ ਕਰਦੇ ਹੋ ਤੇ ਦੁਖੀ ਹੁੰਦੇਹੋ। ਕੱਲ੍ਹ ਮਹਿੰਦਰ ਸਿੰਘ ਨੇ ਆਪਣਾ ਸਾਰਾ ਦਿਨ ਇਸੇ ਪਾਸੇ ਲਗਾ ਦਿੱਤਾ ਹੈ।

ਸੁਰਿੰਦਰ ਸਿੰਘ: ਫਿਰ, ਹੋਰ ਕੀ ਕਰੀਏ ? ਤੁਸੀਂ ਹੀ ਦੱਸੋ।

ਧਰਮ ਸਿੰਘ: ਇਹੋ ਜਿਹੀਆਂ ਫ਼ਜ਼ੂਲ ਗੱਲਾਂ ਤੇ ਸੋਚਾਂ ਵਿੱਚ ਉਲਝਣ ਦੀ ਲੋੜ ਨਹੀਂ। ਜ਼ਰਾ ਸੋਚੋ ਕਿ ਗੁਰਦੁਆਰਾ ਸਾਹਿਬ ਵਿੱਚ ਗੁਰਸ਼ਬਦ ਵਿਚਾਰ ਤੋਂ ਬਾਅਦ ਜੋੜਾ ਘਰ ਨੇੜੇ, ਉਸ ਆਦਮੀ ਤੋਂ, ਤੁਸੀਂ ਕਿਹੜਾ ਧਾਰਮਿਕ ਪ੍ਰਵਚਨ ਸੁਣਨ ਲਈ ਖੜ੍ਹੇ ਹੋ ਗਏ ਸੀ। ਜੇ ਤੁਸੀਂ ਐਸੀਆਂ ਗੱਲਾਂ ਸੁਣੋ ਹੀ ਨਾਂ ਤਾਂ ਕੋਈ ਸਾਜਿਸ਼ ਜਾਂ ਸ਼ਰਾਰਤ ਤੁਹਾਡਾ ਕੀ ਵਿਗਾੜ ਸਕਦੀ ਹੈ ? ਦੁਖਾਂਤ ਤਾਂ ਇਹ ਹੈ ਕਿ ਅਸੀਂ ਗੁਰਸ਼ਬਦ ਵਿਚਾਰ ਨਾਲੋਂ ਚੁਗਲੀ ਨਿੰਦਾ ਵਾਲੀਆਂ ਗੰਦੀਆਂ-ਮੰਦੀਆਂ ਗੱਲਾਂ, ਜਿਆਦਾ ਧਿਆਨ ਨਾਲ ਸੁਣਦੇ ਹਾਂ ਤੇ ਬਿਨਾਂ ਸੋਚੇ ਸਮਝੇ ਝਟਪਟ ਉਨ੍ਹਾਂ ਨੂੰ ਸਹੀ ਮੰਨ ਲੈਂਦੇ ਹਾਂ।

ਸੁਰਿੰਦਰ ਸਿੰਘ: ਧਰਮ ਸਿੰਘ ਜੀ, ਤੁਸੀਂ ਜੋ ਕਹਿ ਰਹੇ ਹੋ, ਬਿਲਕੁਲ ਠੀਕ ਹੈ। ਪਰ ਇੱਕ ਗੱਲ ਦੱਸੋ ਕਿ ਜੇ ਭਾਈ ਸਾਹਿਬ ਬਾਰੇ ਗੱਲ ਸਹੀ ਹੁੰਦੀ ਤਾਂ ਫੇਰ ਕੀ ਕਰਨਾ ਚਾਹੀਦਾ ਸੀ ?

ਧਰਮ ਸਿੰਘ: ਤਦ ਵੀ ਸੰਗਤਾਂ ਵਿੱਚ ਗੱਲਾਂ ਕਰਕੇ, ਉਨ੍ਹਾਂ ਨੂੰ ਗੁਰੂ ਸ਼ਬਦ ਨਾਲੋਂ ਤੋੜਨ ਦੀ ਗਲਤੀ ਨਹੀਂ ਕਰਨੀ ਚਾਹੀਦੀ। ਹਾਂ, ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਧਿਆਨ ਵਿੱਚ ਲਿਆ ਦਿਓ, ਤੁਹਾਡੇ ਲਈ ਇਤਨਾ ਹੀ ਕਾਫ਼ੀ ਹੈ। ਤੁਸੀਂ ਆਪ ਇਸ ਤਰ੍ਹਾਂ ਦੀ ਗੱਲ ਮਨ ਵਿੱਚ ਟਿਕਾ ਕੇ ਨਾ ਰੱਖੋ। ਜੇ ਮਨ ਵਿੱਚ ਕੁਝ ਟਿਕਾ ਕੇ ਰੱਖਣਾ ਹੀ ਹੈ ਤਾਂ ਗੁਰਸ਼ਬਦ ਦੀ ਵਿਚਾਰ (ਸਿੱਖਿਆ) ਟਿਕਾਓ ਤੇ ਸਿਮਰਨ ਰਾਹੀਂ ਅਕਾਲਪੁਰਖ ਨਾਲ ਜੁੜਨ ਦੀ ਕੋਸ਼ਿਸ਼ ਕਰੋ।

ਸੁਰਿੰਦਰ ਸਿੰਘ, ਮਹਿੰਦਰ ਸਿੰਘ (ਦੋਵੇਂ): ਧਰਮ ਸਿੰਘ ਜੀ, ਆਪ ਜੀ ਦਾ ਬਹੁਤ-ਬਹੁਤ ਧੰਨਵਾਦ, ਤੁਸੀਂ ਸਾਡਾ ਮਾਰਗ ਦਰਸ਼ਨ ਕੀਤਾ ਹੈ।

ਧਰਮ ਸਿੰਘ: ਮੇਰਾ ਧੰਨਵਾਦ ਨਹੀਂ, ਗੁਰੂ ਪਾਤਸ਼ਾਹ ਦਾ ਧੰਨਵਾਦ, ਜਿਸਨੇ ਐਸੀ ਮੱਤ ਬਖਸ਼ੀ ਹੈ। ਇਸ ਤਰ੍ਹਾਂ ਤਿੰਨੇ ਫਤਿਹ ਬੁਲਾ ਕੇ, ਆਪੋ-ਆਪਣੇ ਘਰਾਂ ਨੂੰ ਤੁਰ ਪੈਂਦੇ ਹਨ।

## 17. ਗੋਲੀ ਵਾਂਗ ਵੱਜੇ ਬਚਨ

ਇਕ ਫੌਜੀ ਕਰਨਲ ਆਪਣੇ ਬਾਰੇ ਇਉਂ ਦਸਦੇ ਹਨ -

ਮੈਨੂੰ ਸੋਹਣਾ, ਬਾਂਕਾ ਤੇ ਟੌਹਰੀ ਲੱਗਣ ਦਾ ਬੜਾ ਸ਼ੌਕ ਸੀ। ਇਸ ਸ਼ੌਕੀਨੀ ਬਹਾਨੇ ਹੀ, ਮੈਂ ਦਾੜ੍ਹੀ ਟਰਿੱਮ (ਕੱਟਣ) ਕਰਨ ਦੀ ਭੈੜੀ ਆਦਤ ਪਾ ਲਈ ਸੀ। ਮੇਰਾ ਕਲਰਕ ਅਵਤਾਰ ਸਿੰਘ, ਜੋ ਬੜਾ ਵਧੀਆ ਗੁਰਸਿੱਖ ਹੈ, ਨੇ ਮੈਨੂੰ ਕਈ ਵਾਰ ਕਿਹਾ ਕਿ ਸਾਹਿਬ, ਜੇ ਤੁਸੀਂ ਦਾੜ੍ਹਾ ਟਰਿੱਮ ਨਾਂ ਕਰੋ ਤਾਂ ਤੁਸੀਂ ਜਿਆਦਾ ਸੋਹਣੇ ਤੇ ਪ੍ਰਸਨੈਲਿਟੀ ਵਾਲੇ ਲੱਗੋਗੇ।

ਪਰ ਮੈਂ ਆਪਣੇ ਹੇਠਲੇ ਕਰਮਚਾਰੀ ਦੀ ਵਧੀਆ ਗੱਲ ਕਾਹਨੂ ੰਸੁਣਨੀ ਸੀ। ਕਦੇ-ਕਦੇ ਉਹ ਮੈਨੂ ੰਇਹ ਵੀ ਕਹਿੰਦਾ ਸੀ ਕਿ ਆਪਣੇ ਨੇੜਲੇ ਪਿੰਡ ਦੇ ਗੁਰਦੁਆਰੇ ਵਿੱਚ ਇੱਕ ਗੁਰਸਿੱਖ ਬਾਬਾ ਜੀ ਰਹਿੰਦੇ ਹਨ, ਜੋ ਗੁਰਮਤਿ ਦੇ ਬੜੇ ਜਾਣੂ ੰਹਨ। ਤੁਸੀਂ ਮੇਰੇ ਨਾਲ ਉਨ੍ਹਾਂ ਪਾਸ ਚੱਲੋ, ਇਹ ਗੱਲਬਾਤ ਉਥੇ ਆਪੇ ਹੀ ਹੋ ਜਾਣੀ ਹੈ।

ਪਰ ਮੈਂ ਟਾਲ-ਮਟੋਲ ਕਰਦਾ ਰਿਹਾ। ਇੱਕ ਦਿਨ ਅਵਤਾਰ ਸਿੰਘ ਨੇ ਕਿਹਾ ਗੁਰਦੁਆਰਾ ਸਾਹਿਬ ਵਿਖੇ, ਕੀਰਤਨ ਸਮਾਗਮ ਹੋ ਰਿਹਾ ਹੈ, ਮੈਂ ਜਾਣਾ ਹੈ, ਤੁਸੀਂ ਵੀ ਜਰੂਰ ਚੱਲੋ। ਮੈਂ ਅੱਧੇ ਜਿਹੇ ਮਨ ਨਾਲ ਹਾਮੀ ਭਰ ਦਿੱਤੀ। ਅਗਲੇ ਦਿਨ ਮੈਂ ਤੇ ਅਵਤਾਰ ਸਿੰਘ, ਬਾਬਾ ਜੀ ਪਾਸ ਬੈਠੇ ਸਾਂ। ਅਵਤਾਰ ਸਿੰਘ ਨੇ ਬਾਬਾ ਜੀ ਨੂ ੰਕਿਹਾ, “ਇਹ ਜੀ ਕਰਨਲ ਸਾਹਿਬ, ਮੇਰੇ ਸਾਹਿਬ ਹਨ, ਬਹੁਤ ਵਧੀਆ ਇਨਸਾਨ ਨੇ, ਚੰਗੇ ਪੜ੍ਹੇ-ਲਿਖੇ ਤੇ ਸਿਆਣੇ ਹਨ, ਪਰ ਦਾੜ੍ਹੀ ਟਰਿੱਮ ਕਰਦੇ ਹਨ। ਤੁਸੀਂ ਇੰਨ੍ਹਾਂ ਨੂ ੰਕੁਝ ਸਮਝਾਓ। ”

ਬਾਬਾ ਜੀ ਬੜੇ ਧੀਰਜ ਤੇ ਮਿਠਾਸ ਭਰੇ ਲਹਿਜੇ ਵਿੱਚ ਬੋਲੇ - “ਕਰਨਲ ਸਾਹਿਬ ਸਿਆਣੇ ਤੇ ਸਮਝਦਾਰ ਹਨ, ਇਹ ਸਭ ਕੁਝ ਜਾਣਦੇ ਹਨ। ਬੇਸਮਝ ਨੂ ੰਤਾਂ ਸਮਝਿਆ ਜਾ ਸਕਦਾ ਹੈ, ਪਰ ਸਮਝਦਾਰ ਨੂ ੰਕੀ ਸਮਝਾਈਏ” ਏਨੇ ਨੂ ੰਥੱਲੇ ਲੰਗਰ ਹਾਲ ਵਿੱਚ ਉਚੀ-ਉਚੀ ਰੌਲੇ ਦੀਆਂ ਅਵਾਜ਼ਾਂ ਸੁਣਾਈ ਦਿੱਤੀਆਂ। ਬਾਬਾ ਜੀ ਨੇ ਇੱਕ ਸਿੰਘ ਨੂ ੰਪਤਾ ਕਰਨ ਲਈ ਕਿਹਾ, ਕਿ ਕੀ ਗੱਲ ਹੈ ? ਉਸ ਸਿੰਘ ਨੇ ਝਟਪਟ ਪਤਾ ਕਰਕੇ ਦੱਸਿਆ ਕਿ - ਜੀ, ਦੇਵਾ ਸਿੰਘ ਛੋਟੇ ਬੱਚਿਆਂ ਨੂ ੰਡਾਂਟ ਰਿਹਾ ਹੈ ਤੇ ਬਹੁਤ ਗੁ ੱਸੇਵਿੱਚ ਹੈ।

ਬਾਬਾ ਜੀ ਨੇ, ਦੇਵਾ ਸਿੰਘ ਨੂ ੰਉੱਪਰ ਬੁਲਾ ਲਿਆ। ਦੇਵਾ ਸਿੰਘ, ਭਾਈ ਕੀ ਗੱਲ ਹੈ ? ਬਾਬਾ ਜੀ, ਮੈਂ ਤਾਂ ਪਹਿਲਾਂ ਹੀ ਕਰਮਾਂ ਦਾ ਮਾਰਿਆ ਹੋਇਆ ਹਾਂ। ਮੈਂ ਖੋਦਾ ਹਾਂ ਤੇ ਮੇਰੇ ਚਿਹਰੇ ਤੇ ਦਾੜ੍ਹੀ ਦੇ ਰੋਮ ਨਹੀਂ ਆਏ। ਇਸੇ ਕਰਕੇ, ਮੇਰਾ ਵਿਆਹ ਵੀ ਨਹੀਂ ਹੋਇਆ। ਹੁਣ ਪਿਛਲੇ ਛੇ ਮਹੀਨੇ ਤੋਂ, ਮੈਂ ਇੱਥੇ ਗੁਰਦੁਆਰਾ ਸਾਹਿਬ ਸੇਵਾ ਕਰ ਰਿਹਾ ਹਾਂ ਤੇ ਮਨ ਨੂ ੰਕੁਝ ਧਰਵਾਸ ਮਿਲਿਆ ਹੈ। ਇਹ ਬੱਚੇ ਮੈਨੂ ੰਟਿੱਚਰਾਂ ਕਰਦੇ ਹਨ। ਮੈਂ ਜਦ ਇੰਨ੍ਹਾਂ ਨੂ ੰਲੰਗਰ ਛਕਾਉਂਦਾ ਹਾਂ ਤਾਂ ਬੋਲਦੇ ਹਨ - ਬੀਬੀ ਜੀ ਦਾਲ ਦੇਣਾ, ਬੀਬੀ ਜੀ ਪ੍ਰਸ਼ਾਦਾ ਲੈਣਾ ਹੈ। ਇਹ ਮੈਨੂ ੰ'ਬੀਬੀ ਜੀ' ਕਹਿੰਦੇ ਹਨ। ਮੈਂ ਗੁ ੱਸੇਨਾ ਹੋਵਾਂ, ਤਾਂ ਕੀ ਕਰਾਂ।

ਬਾਬਾ ਜੀ ਨੇ ਧੀਰਜ ਦਿੱਤਾ ਤੇ ਕਿਹਾ, “ਮੈਂ ਥੱਲੇ ਲੰਗਰ ਹਾਲ ਵਿੱਚ ਆ ਕੇ ਬੱਚਿਆਂ ਨੂ ੰਸਮਝਾ ਦੇਂਦਾ ਹਾਂ। ਦੇਵਾ ਸਿੰਘ, ਤੁਸੀਂ ਗੁ ੱਸੇਨਾ ਹੋਵੋ।” ਦੇਵਾ ਸਿੰਘ ਦੇ ਜਾਣ ਤੋਂ ਬਾਅਦ, ਬਾਬਾ ਜੀ ਮੈਨੂ ੰਮੁਖਾਤਬ ਹੋਏ “ਦੇਖੋ ਕਰਨਲ ਸਾਹਿਬ, ਕਰਤਾਰ ਦੇ ਰੰਗ, ਜਿਸ ਤੇ ਦਾੜ੍ਹੀ ਦੇ ਰੋਮਾਂ (ਵਾਲਾਂ) ਦੀ ਬਖਸ਼ਿਸ਼ ਨਹੀਂ ਹੋਈ, ਉਹ ਇਸ ਬਖਸ਼ਿਸ਼ ਤੋਂ ਵਾਂਝਾ ਝੂਰ ਰਿਹਾ ਹੈ ਅਤੇ ਜਿਸ ਤੇ ਬਖਸ਼ਿਸ਼ ਹੋਈ ਹੈ, ਉਹ ਕਹਿੰਦਾ ਮੈਂ ਇਸ ਬਖਸ਼ਿਸ਼ ਨੂ ੰਸਹਿਣ ਨਹੀਂ ਕਰਨਾ ਤੇ ਰਹਿਣ ਨਹੀਂ ਦੇਣਾ। ਕੈਸੀ ਅਜਬ ਹਾਲਤ ਹੈ।”

ਬਾਬਾ ਜੀ ਦੇ ਇਹ ਬਚਨ, ਮੈਨੂ ੰਗੋਲੀ ਵਾਂਗ ਲੱਗੇ। ਮੈਂ ਇੱਕ ਦਮ ਖੜ੍ਹਾ ਹੋ ਗਿਆ ਤੇ ਬੜੀ ਆਜਿਜ਼ੀ ਨਾਲ ਪ੍ਰਣ ਕੀਤਾ ਕਿ “ਅੱਗੇ ਤੋਂ ਮੈਂ ਦਾੜ੍ਹੀ ਦੇ ਰੋਮਾਂ, ਕੇਸਾਂ ਦੀ ਬੇਅਦਬੀ ਨਹੀਂ ਕਰਾਂਗਾ।” ਥੋੜ੍ਹੇ ਦਿਨਾਂ ਬਾਅਦ, ਬਾਬਾ ਜੀ ਦੀ ਗੁਰਮੁ ੱਖੀਸੰਗਤ ਸਦਕਾ, ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ ਸਿੰਘ ਸੱਜ ਗਿਆ।

## 18. ਸੋਹਣਾ ਮਨੁੱਖ

ਬਲਵਿੰਦਰ ਸਿੰਘ ਇੱਕ ਰੱਜੇ-ਪੁੱਜੇ ਘਰ ਦਾ ਮੁੱਛਫੁੱਟ ਗੱਭਰੂ, ਜਿਸਦੇ ਚਿਹਰੇ ਤੇ ਪਿਆਰੇ-ਪਿਆਰੇ ਘੁੰਘਰਾਲੇ ਛੱਲਿਆਂ ਵਾਲੇ ਰੋਮ, ਅਜੇ ਨਵੇਂ-ਨਵੇਂ ਆਏ ਹਨ। ਇਹ ਸ਼ੌਕੀਨ ਮੁੰਡਾ ਜਿਸਨੂੰ ਸੋਹਣਾ ਬਾਂਕਾ ਲੱਗਣ ਦਾ ਕੁਝ ਜਿਆਦਾ ਹੀ ਚਾਅ ਸੀ, ਬੜੀ ਵਧੀਆ ਦਸਤਾਰ ਸਜਾਉਣ ਲੱਗ ਪਿਆ। ਇਹ ਆਪਣੇ ਨਵੇਂ ਲਏ ਮੋਟਰ ਸਾਇਕਲ ਤੇ ਕਾਲਜ ਜਾਂਦਿਆਂ, ਲਾਗਲੇ ਪਿੰਡਾਂ ਦੀਆਂ ਸੜਕਾਂ ਤੋਂ ਲੰਘਦਾ ਤਾਂ ਲੋਕ ਇਸਦੀ ਛਬੀਲੀ ਦਿੱਖ ਵੇਖਣ ਲਈ ਰੁਕ ਜਾਂਦੇ।

ਇੱਕ ਦਿਨ ਇਸਦੇ ਸ਼ਰਾਰਤੀ ਦੋਸਤਾਂ ਨੇ ਸਲਾਹ ਦਿੱਤੀ ਕਿ "ਯਾਰ, ਤੂੰ ਸੋਹਣਾ ਤਾਂ ਬੜਾ ਹੈ ਤੇ ਤੇਰੀ ਟੌਹਰ ਵੀ ਬਹੁਤ ਹੈ। ਪਰ ਜੇ ਤੂੰ ਪੱਗ ਲਾਹ ਕੇ, ਸਿਰ ਦੇ ਵਾਲ ਅਤੇ ਦਾੜ੍ਹੀ ਮੁੱਛ ਮੁਨਵਾ ਦੇਵੇਂ , ਤਾਂ ਹੋਰ ਵੀ ਖ਼ੂਬਸੂਰਤ ਲੱਗੇਂਗਾ।"

ਬਲਵਿੰਦਰ ਸਿੰਘ, ਦੋਸਤਾਂ ਦੇ ਐਵੇਂ ਸ਼ਰਾਰਤ ਨਾਲ ਮਜ਼ਾਕ ਵਿੱਚ ਦਿੱਤੀ ਸਲਾਹ ਤੇ ਬੜਾ ਸੰਜੀਦਾ ਹੋ ਕੇ ਵਿਚਾਰ ਕਰਨ ਲੱਗਾ। ਉਸ ਤੇ "ਸੋਹਣਾ ਲੱਗਣ" ਦਾ ਭੂਤ ਸਵਾਰ ਸੀ। ਉਸਨੂੰ ਪਤਾ ਸੀ ਕਿ ਉਸਦੇ ਘਰਦਿਆਂ ਕੇਸ ਕਤਲ ਕਰਵਾਉਣ ਦੀ ਗੱਲ ਨਹੀਂ ਮੰਨਣੀ। ਤਿੰਨ-ਚਾਰ ਦਿਨ ਇਸੇ ਤਰ੍ਹਾਂ ਦੁਚਿੱਤੀ ਵਿੱਚ ਲੰਘ ਗਏ।

ਆਖਰ ਇੱਕ ਦਿਨ ਬਲਵਿੰਦਰ ਘੋਨ-ਮੋਨ ਹੋ ਕੇ ਘਰ ਪਰਤਿਆ। ਮਾਂ ਤੇ ਭੈਣ ਇੱਕ ਦਮ ਤ੍ਰਭਕ ਗਈਆਂ - 'ਬਲਵਿੰਦਰ, ਹੈਂ, ਤੂੰ ਬਲਵਿੰਦਰ ਹੀ ਹੈਂ, ਇਹ ਕੀ ਕੀਤਾ, ਭੂਤ ਜਿਹਾ ਬਣ ਕੇ ਆ ਗਿਆ ਹੈਂ।'

"ਭੈਣ, ਮੈਂ ਪਹਿਲਾਂ ਨਾਲੋਂ ਸੋਹਣਾ ਨਹੀਂ ਲੱਗਦਾ।"

"ਸੋਹਣਾ! ਬਿਲਕੁਲ ਨਹੀਂ। ਨਿਰਾ ਮੁਸ਼ਟੰਡਾ, ਬਦਮਾਸ਼ ਜਿਹਾ ਬੇਵਕੂਫ ਬਣ ਗਿਆ ਹੈਂ। "ਜ਼ਰਾ ਆਪਣਾ ਮੂੰਹ ਸ਼ੀਸੇ ਵਿੱਚ ਵੇਖ, ਕੀ ਭੇਡੂ ਜਿਹਾ ਬਣਿਆ ਹੋਇਆ ਹੈਂ।" "ਨਾਂ! ਨਾਂ!! ਭੈਣ ਇਉਂ ਨਾ ਕਹੋ, ਮੈਨੂੰ ਤੋਂ ਮੇਰੇ ਦੋਸਤਾਂ ਨੇ ਕਿਹਾ ਸੀ, ਜੇ ਵਾਲ ਕਟਵਾ ਦੇਵੇਂ, ਤਾਂ ਬਹੁਤ ਸੋਹਣਾ ਲੱਗੇਂਗਾ।"

ਭੈਣ ਨੂੰ ਜਿਵੇਂ ਵੀਰ ਤੇ ਤਰਸ ਜਿਹਾ ਆ ਰਿਹਾ ਸੀ। "ਵੀਰ, ਤੇਰੀ ਸਾਰੀ ਟੌਹਰ ਦਸਤਾਰ ਨਾਲ ਸੀ ਤੇ ਨਵੀਂ-ਨਵੀਂ ਉਤਰੀ ਦਾੜ੍ਹੀ, ਤੈਨੂੰ ਖ਼ੂਬ ਫੱਬਦੀ ਸੀ। ਤੇਰੇ ਦੋਸਤਾਂ ਨੇ ਤੇਰੇ ਨਾਲ ਸ਼ਰਾਰਤ ਖੇਡੀ ਹੈ। ਤੂੰ ਇਸ ਤਰ੍ਹਾਂ ਕਰ ਕਿ ਆਪਣੀ ਫੋਟੋ ਖਿਚਵਾ ਕੇ ਲਿਆ ਤੇ ਆਪਣੇ ਪਛਾਣ-ਪੱਤਰ ਵਾਲੀ ਫੋਟੋ ਨਾਲ ਮਿਲਾ ਕੇ ਵੇਖ, ਤੈਨੂੰ ਆਪਣੇ ਆਪ ਹੀ ਪਤਾ ਲੱਗ ਜਾਵੇਗਾ।

ਮਾਂ ਤਾਂ ਰੋਈ ਜਾ ਰਹੀ ਸੀ, ਪਿਤਾ ਨੇ ਵੀ ਬਹੁਤ ਗੁੱਸਾ ਕੀਤਾ ਤੇ ਡਾਂਟ-ਫਾਂਟ ਕੀਤੀ ਕਿ ਬਲਵਿੰਦਰ, ਤੂੰ ਚੰਗਾ ਨਹੀਂ ਕੀਤਾ। ਬਲਵਿੰਦਰ ਬੜਾ ਪ੍ਰੇਸ਼ਾਨ ਸੀ, ਸਾਰਾ ਦਿਨ ਘਰੋਂ ਬਾਹਰ ਨਹੀਂ ਨਿੱਕਲਿਆ। ਮਨ ਵਿੱਚ ਕਈ ਤਰ੍ਹਾਂ ਦੇ ਪੁੱਠੇ ਸਿੱਧੇ ਵਿਚਾਰ ਆ ਰਹੇ ਸਨ। ਐਡਾ ਮੈਂ ਕਿਹੜਾ ਗੁਨਾਹ ਕੀਤਾ ਹੈ ਕਿ ਮੇਰੇ ਮਾਂ-ਪਿਉ ਮੈਨੂੰ ਐਨਾ ਡਾਂਟ ਰਹੇ ਹਨ। ਫੇਰ ਠੰਢੇ ਦਿਮਾਗ ਨਾਲ ਸੋਚਦਾ ਹੈ - ਆਖਰ ਇਹ ਸਭ ਕੁਝ ਮੈਂ ਸੋਹਣੇ ਲੱਗਣ ਲਈ ਹੀ ਕੀਤਾ ਤੇ ਜੇ ਮੈਂ ਸੱਚਮੁੱਚ ਹੀ ਪਹਿਲਾਂ ਨਾਲੋਂ ਭੈੜਾ ਲੱਗਦਾ ਹਾਂ ਤਾਂ ਫਿਰ ਵਾਕਿਆ ਹੀ ਮੇਰੀ ਗਲਤੀ ਹੈ। ਫੋਟੋ ਖਿਚਵਾਉਣ ਵਾਲੀ ਭੈਣ ਦੀ ਗੱਲ ਵਿੱਚ ਵਜ਼ਨ ਹੈ।

ਪਰ ਅੱਜ ਕਿੱਧਰੇ ਨਹੀਂ ਜਾਣਾ ਤੇ ਸਵੇਰੇ ਸਵੱਖਤੇ, ਮੂੰਹ ਹਨੇਰੇ ਵਿੱਚ ਘਰੋਂ ਨਿੱਕਲ ਜਾਣਾ ਹੈ। ਸ਼ੀਸ਼ੇ ਨੇ ਵੀ ਬਲਵਿੰਦਰ ਦੀ ਹਾਮੀ ਨਹੀਂ ਭਰੀ ਸਗੋਂ ਭੈਣ ਦੇ ਕਹੇ ਅਨੁਸਾਰ ਗਵਾਹੀ ਦਿੱਤੀ। ਅਗਲੀ ਸਵੇਰ ਬਲਵਿੰਦਰ ਨੇ ਇਸ ਸਾਲ

ਤੇ ਪਿਛਲੇ ਸਾਲ ਵਾਲੇ ਦੋਵੇਂ ਕਾਰਡ ਜੇਬ ਵਿੱਚ ਪਾਏ ਤੇ ਤਾਰਿਆਂ ਦੀ ਛਾਵੇਂ ਘਰੋਂ ਨਿੱਕਲ ਗਿਆ, ਸ਼ਹਿਰ ਜਾ ਕੇ ਫੋਟੋ ਖਿਚਵਾਈ ਤੇ ਜ਼ਿਆਦਾ ਪੈਸੇ ਦੇ ਕੇ, ਦੋ ਘੰਟੇ ਬਾਅਦ ਫੋਟੋ ਦੀਆਂ ਕਈ ਕਾਪੀਆਂ ਲੈ ਲਈਆਂ।

ਹੁਣ ਉਹ ਦਰੱਖਤ ਹੇਠਾਂ ਇਕਾਂਤ ਵਿੱਚ ਬੈਠਾ ਸੀ। ਤਿੰਨੇ ਫੋਟੋਆਂ ਬਾਰ-ਬਾਰ ਬੜ੍ਹੇ ਗੌਰ ਨਾਲ ਦੇਖ ਰਿਹਾ ਸੀ। ਬਲਵਿੰਦਰ ਦੇ ਮਨ ਨੂੰ ਆਪਣੀ ਘੋਨ-ਮੋਨ ਵਾਲੀ ਫੋਟੋ ਕਾਰਡ ਵਾਲੀਆਂ ਫੋਟੋਆਂ ਦੇ ਮੁਕਾਬਲੇ ਬਿਲਕੁਲ ਅੱਛੀ ਨਹੀਂ ਸੀ ਲੱਗ ਰਹੀ। ਪਰ ਹੁਣ ਕੀਤਾ ਵੀ ਕੀ ਜਾ ਸਕਦਾ ਸੀ ? ਬਲਵਿੰਦਰ ਸਮਝ ਗਿਆ ਕਿ ਮੈਂ ਆਪਣੇ ਪੈਰ, ਆਪ ਹੀ ਕੁਹਾੜਾ ਮਾਰ ਲਿਆ ਹੈ। ਸੋਹਣਾ ਬਣਦਾ-ਬਣਦਾ, ਮੈਂ ਕਰੂਪ (ਬਦਸ਼ਕਲ) ਬਣ ਗਿਆ ਹਾਂ।

ਇੱਕ ਹੋਰ ਫੁਰਨਾ ਫੁਰਿਆ। ਕਿਉਂ ਨਾ ਵਧੀਆ ਸਾਬਣ, ਕਰੀਮਾਂ, ਪਾਊਡਰ ਤੇ ਤੇਲਾਂ ਦੀ ਵਰਤੋਂ ਕਰਕੇ ਸੋਹਣਾ ਬਣਨ ਦੀ ਕਸਰ ਨੂੰ ਪੂਰਾ ਕੀਤਾ ਜਾਵੇ। ਬਿਨ੍ਹਾਂ ਸੋਚੇ-ਸਮਝੇ, ਬਲਵਿੰਦਰ ਨੇ ਪੰਜ-ਸੱਤ ਸਾਬਣ, ਕਰੀਮਾਂ, ਪਾਊਡਰ ਤੇ ਤੇਲ ਖਰੀਦ ਲਏ। ਫਿਰ ਉਸ ਨੂੰ ਅਚਾਨਕ ਯਾਦ ਆਇਆ ਕਿ ਦਸਤਾਰ ਤੋਂ ਬਿਨ੍ਹਾਂ ਮੋਟਰ ਸਾਇਕਲ ਤੇ ਜਾਂਦਿਆਂ, ਮੇਰਾ ਚਲਾਨ ਹੋ ਸਕਦਾ ਹੈ। ਇਸ ਲਈ ਹੈਲਮੇਟ ਪਾਉਣਾ ਜਰੂਰੀ ਹੈ। ਉਸ ਨੇ ਹੈਲਮੇਟ ਵੀ ਖਰੀਦ ਲਿਆ। ਪਰ ਉਸਨੂੰ ਮਨ ਕਰਕੇ ਹੈਲਮੇਟ ਪਾਉਣਾ ਬਹੁਤ ਬੁਰਾ ਲੱਗਦਾ ਸੀ, ਖੈਰ ਹੈਲਮੇਟ ਪਾਉਣਾ ਹੀ ਪੈਣਾ ਸੀ। ਹੈਲਮੇਟ ਪਾਈ ਜਦ ਬਲਵਿੰਦਰ ਮੋਟਰਸਾਇਕਲ ਤੇ ਜਾ ਰਿਹਾ ਸੀ ਤਾਂ ਪਹਿਲਾਂ ਦੀ ਤਰ੍ਹਾਂ, ਕਿਸੇ ਰਾਹ ਜਾਂਦੇ ਨੇ ਕੋਈ ਦਿਲਚਸਪੀ ਨਹੀਂ ਦਿਖਾਈ।

ਬਲਵਿੰਦਰ ਵਾਸਤੇ ਇਹ ਵੀ ਇਕ ਕਰਾਰੀ ਸੱਟ ਸੀ। ਪਿੰਡ ਵਿੱਚ ਬਲਵਿੰਦਰ ਦੇ ਕੇਸ ਕਤਲ ਕਰਵਾਉਣ ਦੀ ਚਰਚਾ ਸੀ। ਲੋਕ ਭਾਂਤ-ਭਾਂਤ ਦੇ ਬੋਲ ਬੋਲਦੇ ਸਨ। ਬਲਵਿੰਦਰ ਕਿਸੇ ਨਾਲ ਗੱਲ ਕਰਨ ਜੋਗਾ ਨਹੀਂ ਸੀ। ਚੁੱਪਚਾਪ ਉਦਾਸ ਰਹਿੰਦਿਆਂ ਬਲਵਿੰਦਰ ਪੜ੍ਹਾਈ ਵਿੱਚ ਵੀ ਪਿੱਛੇ ਪੈ ਗਿਆ। ਬਹੁਤੇ ਸਾਬਣ, ਕਰੀਮਾਂ, ਪਾਊਡਰ ਤੇ ਤੇਲਾਂ ਦੀ ਬੇਲੋੜੀ ਵਰਤੋਂ ਨਾਲ ਚਮੜੀ ਤੇ ਅਸਰ ਹੋ ਜਾਣ ਕਰਕੇ, ਚੇਹਰੇ ਤੇ ਕਿੱਲ (ਛਾਲੇ) ਜਿਹੇ ਪੈ ਗਏ। ਜਿਸ ਨਾਲ ਬਲਵਿੰਦਰ ਸਿੰਘ, ਏਨਾ ਕਰੂਪ ਲੱਗਣ ਲੱਗ ਪਿਆ, ਕਿ ਉਹਨੂੰ ਬਹੁਤਾ ਸਮਾਂ ਆਪਣਾ ਚੇਹਰਾ ਰੁਮਾਲ ਨਾਲ ਕੱਜੀ ਰੱਖਣਾ ਪੈਂਦਾ ਸੀ। ਚਮੜੀ ਮਾਹਰ ਡਾਕਟਰ ਵੀ, ਉਸਦਾ ਗੁਆਚਿਆ ਸੁਹੱਪਣ ਵਾਪਸ ਨਾ ਲਿਆ ਸਕੇ। ਬਲਵਿੰਦਰ ਦੀ ਪ੍ਰੇਸ਼ਾਨੀ ਘਟਣ ਦੀ ਬਜਾਏ ਵੱਧਦੀ ਜਾਂਦੀ। ਬਾਰ-ਬਾਰ ਸੋਚਦਾ, ਕਰਨਾ ਕੀ ਚਾਹੁੰਦਾਸਾਂ ਤੇ ਹੋ ਕੀ ਗਿਆ?

ਫਿਰ ਉਹ ਬੇਚੈਨੀ ਵਿੱਚ ਸੋਹਣੇ ਨੌਜਵਾਨ ਦੀ ਭਾਲ ਕਰਨ ਲੱਗਾ। ਇਸ ਉਮਰ ਵਿੱਚ ਮੁੰਡੇ ਸੋਹਣੀਆਂ ਕੁੜੀਆਂ ਵੇਖਦੇ ਹਨ। ਪਰ ਬਲਵਿੰਦਰ ਦੇਖੇ ਕਿ ਕਿਹੜਾ ਮੁੰਡਾਸੋਹਣਾ ਲੱਗਦਾ ਹੈ ਤੇ ਫੇਰ ਉਸਦੀ ਰੀਸ ਕਰਕੇ ਸੋਹਣਾ ਬਣਨਾ ਹੈ। ਇਸ ਧੁਨ ਵਿੱਚ ਬਲਵਿੰਦਰ ਇੱਕ ਤਰ੍ਹਾਂ ਝੱਲਾ ਜਿਹਾ ਹੋ ਗਿਆ। ਗਲੀਆਂ, ਬਜ਼ਾਰਾਂ ਤੇ ਕਾਲਜ ਦੇ ਹਰ ਮੁੰਡੇਨੂੰ ਬੜੀ ਨੀਝ ਨਾਲ ਦੇਖਦਾ ਤੇ ਫੇਰ ਨੱਕ ਚੜ੍ਹਾਕੇ ਕਹਿੰਦਾ, ਇਹ ਨਹੀਂ ਸੋਹਣਾ। ਬਲਵਿੰਦਰ ਨੂੰ ਲੱਗਿਆ ਕਿ ਕੁੜੀਆਂ ਨੂੰ ਸੋਹਣੇ ਮੁੰਡਿਆਂ ਦੀ ਪਰਖ ਨਹੀਂ ਕਰਨੀ ਆਉਂਦੀ ਤੇ ਮੁੰਡੇ ਸੋਹਣੀ ਕੁੜੀ ਦੀ ਠੀਕ ਪਹਿਚਾਣ ਨਹੀਂ ਕਰਨਾ ਜਾਣਦੇ ਕਿਉਂਕਿ ਉਨ੍ਹਾਂ ਦੀ ਪਰਖ-ਪੜਤਾਲ ਵਿੱਚ ਕਾਮ ਵਾਸ਼ਨਾਵਾਂ ਦਾ ਹਾਵੀ ਹੋਣਾ ਇੱਕ ਵੱਡੀ ਰੁਕਾਵਟ ਹੁੰਦੀਹੈ।

ਹੁਣ ਬਲਵਿੰਦਰ ਨੇ ਆਪਣੇ ਖੋਜ ਖੇਤਰ ਵਿੱਚ ਫਿਲਮੀ ਐਕਟਰਾਂ ਤੇ ਮਾਡਲਾਂ ਨੂੰ ਵੀ ਸ਼ਾਮਿਲ ਕਰ ਲਿਆ। ਪਰ ਉਸਦੇ ਮਨ ਤੇ ਕੋਈ ਵੀ ਮਕਬੂਲ ਨਾ ਚੜ੍ਹਿਆ। ਦਰਅਸਲ ਉਹ ਹਰੇਕ ਦਾ ਮੁਕਾਬਲਾ ਆਪਣੀ ਪੁਰਾਣੀ ਦਸਤਾਰ ਵਾਲੀ ਦਿੱਖ ਨਾਲ ਕਰਦਾ ਸੀ। ਹੌਲੀ-ਹੌਲੀ ਉਸਨੇ ਘੋਨੇ-ਮੋਨਿਆਂ ਨੂੰ, ਆਪਣੀ ਲਿਸਟ ਵਿੱਚੋਂ ਬਿਲਕੁਲ ਖਾਰਜ ਕਰ ਦਿੱਤਾ। ਇੱਕ ਦਿਨ ਬਲਵਿੰਦਰ ਸਿੰਘ ਕਮਲਿਆਂ ਵਾਂਗ ਸੜਕ ਦੇ ਇਕ ਮੋੜ ਤੇ ਖੜ੍ਹਾ ਹੋ ਗਿਆ। ਹਰ ਇੱਕ ਦੇ ਸੁਹੱਪਣ ਦੀ ਚੰਗੀ ਤਰ੍ਹਾਂ ਨਿਰਖ-ਪਰਖ ਕਰਨ ਲਗਾ।

ਇੱਕ ਸਾਈਕਲ ਤੇ ਆ ਰਹੇ ਨੌਜਵਾਨ ਨੂੰ ਉਸਨੇ ਉੱਚੀ ਆਵਾਜ਼ ਮਾਰ ਕੇ ਤੇ ਇਸ਼ਾਰਾ ਕਰਕੇ ਰੋਕ ਲਿਆ। ਪੈਰਾਂ ਤੋਂ ਸਿਰ ਤੱਕ ਨੀਝ ਨਾਲ ਦੇਖਿਆ। ਹਾਂ! ਠੀਕ!! ਬਿਲਕੁਲ ਠੀਕ, ਇਹੀ ਸਭ ਤੋਂ ਸੋਹਣਾ ਹੈ, ਜਿਸਦੀ ਮੈਂ ਭਾਲ ਕਰ ਰਿਹਾ ਹਾਂ। ਬਲਵਿੰਦਰ ਆਪਣੇ ਮਨ ਦੀ ਚੰਗੀ ਤਰ੍ਹਾਂ ਤਸੱਲੀ ਕਰਕੇ ਬੋਲਿਆ, "ਤੁਸੀਂ ਮੈਨੂੰ ਸਭ ਤੋਂ ਸੋਹਣੇ ਲੱਗੇ ਹੋ, ਤੁਹਾਡੇ ਸੋਹਣੇ ਹੋਣ ਦਾ ਕੀ ਰਾਜ ਹੈ, ਤੁਸੀਂ ਕੀ ਖਾਂਦੇ-ਪੀਂਦੇ ਹੋ, ਕੀ ਕਰਦੇ ਹੋ, ਕਿਹੜੇ-ਕਿਹੜੇ ਸਾਬਣ ਕਰੀਮ, ਪਾਊਡਰ ਤੇ ਤੇਲ ਵਰਤਦੇ ਹੋ?" ਇੱਕੋ ਸਾਹੇ ਬਲਵਿੰਦਰ ਨੇ ਸਭ ਕੁਝ ਪੁੱਛਣਾਚਾਹਿਆ।

ਮੈਂ ਸੋਹਣਾ ਹਾਂ, ਤੇ ਉਹ ਵੀ ਸਭ ਤੋਂ ਸੋਹਣਾ, ਇਸ ਗੱਲ ਦਾ ਮੈਨੂੰ ਤਾਂ ਪਤਾ ਨਹੀਂ, ਪਰ ਤੁਸੀਂ ਕਹਿੰਦੇ ਹੋ, ਤੁਹਾਡੀ ਮਰਜ਼ੀ। ਮੈਂ ਕੋਈ ਸਪੈਸ਼ਲ ਸਾਬਣ, ਕ੍ਰੀਮ, ਪਾਊਡਰ ਤੇ ਤੇਲ ਆਦਿ ਨਹੀਂ ਵਰਤਦਾ। ਹਾਂ, ਸਵੇਰੇ ਜ਼ਰਾ ਜਲਦੀ ਉਠਦਾ ਹਾਂ ਤੇ ਸਿਮਰਨ ਕਰਦਾ ਹਾਂ। ਫਿਰ ਗੁਰਦੁਆਰਾ ਸਾਹਿਬ ਜਾਂਦਾ ਹਾਂ। ਇਸ ਤੋਂ ਪਿੱਛੋਂ ਮੈਂ ਆਪਣੇ ਕੰਮ ਤੇ ਚਲਿਆਂ ਜਾਂਦਾ ਹਾਂ। ਸਾਰਾ ਦਿਨ ਕੰਮ ਕਰੀਦਾ ਹੈ , ਵਿੱਚ ਵਿਚਾਲੇ ਜੇ ਟਾਈਮ ਮਿਲ ਜਾਵੇ ਤਾਂ "ਊਠਤ ਬੈਠਤ ਹਰਿ ਹਰਿ ਧਿਆਈਐ" ਕਰ ਲਈਦਾ ਹੈ। ਸ਼ਾਮ ਨੂੰ ਰਹਿਰਾਸ ਸਾਹਿਬ ਦੇ ਪਾਠ ਵਿੱਚ ਜੁੜੀਦਾ ਹੈ। ਸੌਣ ਲੱਗਿਆਂ ਸੋਹਿਲਾ ਸਾਹਿਬ ਦੀ ਬਾਣੀ ਉਚਾਰ ਕੇ ਨੀਂਦ ਨੂੰ ਪਿਆਰੇ ਹੋ ਜਾਈਦਾ ਹੈ। ਹੋਰ ਕੋਈ ਖਾਸ ਗੱਲ ਨਹੀਂ। ਘਰ ਵਿੱਚ ਜੋ ਵੀ ਬਣਿਆ ਹੋਵੇ, ਖਾ ਪੀ ਲਈਦਾ ਹੈ।

ਪਰ ਇਸ ਨਾਲ ਬਲਵਿੰਦਰ ਦੀ ਤਸੱਲੀ ਨਾ ਹੋਈ ਤੇ ਉਸਨੂੰ ਯਕੀਨ ਨਹੀਂ ਸੀ ਆ ਰਿਹਾ ਕਿ ਸੋਹਣੇ ਬਣਨਾ ਇੰਨਾ ਸੌਖਾ ਹੈ। ਉਸਨੇ ਦੁਬਾਰਾ ਇਸ ਸੰਬੰਧੀ ਕੁਝ ਹੋਰ ਕਹਿਣ ਦੀ ਬੇਨਤੀ ਕੀਤੀ - "ਇਹ ਤੁਹਾਡੇ ਦਗ-ਦਗ ਕਰਦੇ ਚਿਹਰੇ ਤੇ, ਜੋ ਲਾਲ ਰੰਗੀ ਭਾਅ ਹੈ, ਇਸਦਾ ਕੀ ਰਾਜ਼ ਹੈ।"

"ਹਾਂ, ਮੈਂ ਕੋਈ ਨਸ਼ਾ ਨਹੀਂ ਕਰਦਾ, ਉਲਟਾ ਸਿੱਧਾ ਸੋਚਦਾ ਨਹੀਂ, ਸਾਦਾ ਜਿਹਾ ਜੀਵਨ ਹੈ। ਮੈਂ ਸੋਹਣਾ ਹਾਂ ਤੇ ਚਿਹਰੇ ਤੇ ਲਾਲ ਰੰਗੀ ਭਾਅ ਹੈ, ਇਸਦਾ ਮੈਨੂੰ ਤਾਂ ਕੋਈ ਅਹਿਸਾਸ ਨਹੀਂ, ਪਰ ਜੇ ਤੁਸੀਂ ਕਹਿ ਰਹੇ ਹੋ, ਤਾਂ ਇਹ ਗੁਰੂ ਦੀ ਮਿਹਰ ਹੈ, ਹੋਰ ਕੁਝ ਨਹੀਂ। ਬਾਕੀ ਮੈਂ ਡਿਊਟੀ ਤੇ ਵਕਤ ਸਿਰ ਪਹੁੰਚਣਾਹੈ, ਹੁਣ ਮੈਨੂੰ ਜਾਣ ਦੇ, ਕਦੇ ਫੇਰ ਗੱਲ ਕਰ ਲਵਾਂਗੇ। ਹਾਂ, ਜਾਂਦਾ-ਜਾਂਦਾ ਇਤਨਾ ਜਰੂਰ ਕਹਿ ਦੇਂਦਾ ਹਾਂ ਕਿ ਅਸੀਂ ਆਪਣੇ ਮਨ ਦੇ ਅੰਦਰ ਵਾਰ "ਗੁਰਸ਼ਬਦ ਵਿਚਾਰ" ਦੀ ਕਰੀਮ ਲਾਉਂਦੇ ਹਾਂ। ਚੰਗਾ, ਸਤਿ ਸ੍ਰੀ ਅਕਾਲ।"

ਬਲਵਿੰਦਰ ਦੇ ਦੇਖਦਿਆਂ-ਦੇਖਦਿਆਂ, ਸੋਹਣਾ ਛਬੀਲਾ ਗੁਰਸਿੱਖ ਪਿਆਰਾ ਸਾਈਕਲ ਦੇ ਪੈਡਲ ਮਾਰਦਾ-ਮਾਰਦਾ, ਅੱਖਾਂ ਅੱਗੋਂ ਅਲੋਪ ਹੋ ਗਿਆ। ਓਹੋ, ਨਾ ਮੈਂ ਨਾਮ ਪੁੱਛਿਆਤੇ ਨਾ ਪਿੰਡ ਪਤਾ ਪੁੱਛਿਆ ਬੜੀ ਬੇਵਕੂਫੀ ਕੀਤੀ। ਸੋਹਣੇ ਮਿਲੇ ਵੀ ਤੇ ਚਲੇ ਵੀ ਗਏ। ਤੇ ਮੇਰੇ ਹੱਥ ਪੱਲੇ ਕੁਝ ਵੀ ਨਹੀਂ ਪਿਆ। ਬਲਵਿੰਦਰ ਸਿਰ ਫੜ ਕੇ ਉਥੇ ਹੀ ਬੈਠ ਗਿਆ। ਇੱਕ ਦਮ ਖਿਆਲ ਆਇਆ, ਸ਼ਾਮ ਨੂੰ ਕੰਮ ਤੋਂ ਤਾਂ ਮੁੜੇਗਾ ਹੀ ਨਾ। ਸ਼ਾਮ ਨੂੰ ਫੇਰ ਏਥੇ ਆ ਕੇ ਖੜ੍ਹਾ ਹੋ ਜਾਵਾਂਗਾ। ਪਰ ਇਹ ਕੀ ਪਤਾ, ਉਸਨੇ ਕਦੋਂ ਮੁੜਨਾ ਹੈ, ਪਹਿਲਾਂ ਵੀ ਆ ਸਕਦਾ ਹੈ। ਬਲਵਿੰਦਰ ਨੇ ਉਥੋਂ ਜਰਾ ਵੀ ਇੱਧਰ-ਉਧਰ ਨਾ ਜਾਣ ਦਾ ਫੈਸਲਾ ਕਰ ਲਿਆ। ਸਾਹਮਣੇ ਦੁਕਾਨ ਤੋਂ ਕੁਝ ਖਾਣ-ਪੀਣ ਲਈ ਗਿਆ ਤਾਂ ਵੀ ਨਜ਼ਰਾਂ ਸੜਕ ਦੇ ਉਸੇ ਅਸਥਾਨ ਤੇ ਗੱਡੀ ਰੱਖੀਆਂ, ਜਿੱਥੇ ਗੁਰਮੁੱਖਪਿਆਰੇ ਮਿਲੇ ਸਨ। ਬਲਵਿੰਦਰ ਹੈਰਾਨ ਸੀ ਕਿ ਇਹ ਇਤਨਾ ਸੋਹਣਾ ਗੱਭਰੂ ਕਿਵੇਂ ਦਾ ਹੈ, ਜਿਸਨੂੰ ਆਪਣੇ ਸੋਹਣੇ ਹੋਣ ਦਾ ਪਤਾ ਹੀ ਨਹੀਂ ਤੇ ਮੇਰੇ ਦੱਸਣ ਕਹਿਣ ਤੇ ਵੀ, ਇਸ ਨੇ ਕੋਈ ਖਾਸ ਨਹੀਂ ਗੌਲਿਆ, ਗੁਰੂ ਦੀ ਮਿਹਰ ਕਹਿ ਕੇ ਹੀ ਗੱਲ ਨਿਬੇੜ ਦਿੱਤੀ ਹੈ।

ਸਾਰਾ ਦਿਨ, ਬਲਵਿੰਦਰ ਬੜੀ ਤੀਬਰਤਾ ਨਾਲ ਇਸ ਨੌਜਵਾਨ ਨੂੰ, ਆਪਣੇ ਮਨ ਵਿੱਚ ਵਸਾ ਕੇ, ਉਡੀਕਦਾ ਰਿਹਾ। ਢਲਦੇ ਦਿਨ ਜਦ ਉਹ ਗੁਰਸਿੱਖ ਵਾਪਸ ਆ ਰਿਹਾ ਸੀ, ਤਾਂ ਉਹ ਇਹ ਦੇਖ ਕੇ ਹੈਰਾਨ ਹੋ ਗਿਆ ਕਿ ਬਲਵਿੰਦਰ

ਉਥੇ ਦਾ ਉਥੇ ਹੀ ਖੜ੍ਹਾ ਹੈ। ਦੋਵੇਂ ਘੁੱਟਕੇ ਜੱਫੀਆਂ ਪਾ ਕੇ ਮਿਲੇ ਤੇ ਸਦੀਵੀ ਮਿੱਤਰ ਬਣ ਗਏ। ਥੋੜ੍ਹੇ ਹੀ ਦਿਨਾਂ ਵਿੱਚ ਬਲਵਿੰਦਰ, ਬਲਵਿੰਦਰ ਸਿੰਘ ਬਣ ਗਿਆ ਤੇ ਸਿੰਘ ਸਜ ਗਿਆ।

19. ਮਾਡਰਨਿਟੀ - ਪਹਿਰਾਵੇ ਵਿੱਚ ਜਾਂ

ਉਚੇ ਸੁੱਚੇਵਿਚਾਰਾਂ ਵਿੱਚ

ਕੁਲਵਿੰਦਰ ਕੌਰ 'ਡੌਲੀ' ਤੇ ਪਰਮਿੰਦਰ ਕੌਰ, ਕਾਲਜ ਦੇ ਸਕੂਟਰ ਸਟੈਂਡ ਤੇ ਆਪੋ-ਆਪਣੇ ਸਕੂਟਰ ਲਗਾ ਰਹੀਆਂ ਸਨ। "ਨੀ, ਤੂੰਕੀ ਮੁੰਡਿਆਂਵਾਂਗ ਝੱਲੀ ਜਿਹੀ ਬਣੀ ਹੋਈ ਹੈਂ" ਡੌਲੀ ਨੇ ਪਰਮਿੰਦਰ ਕੌਰ ਨੂੰਟਿੱਚਰ ਕੀਤੀ। "ਤੇ ਤੂੰ, ਕਾਰਟੂਨ ਜਿਹੀ ਬਣੀ ਲੋਕਾਂ ਨੂੰਆਵਾਜ਼ਾਂ ਮਾਰਦੀ ਆ ਰਹੀ ਸੈਂ" , ਪਰਮਿੰਦਰ ਕੌਰ ਨੇ ਮੋੜਵਾਂ ਜਵਾਬ ਦਿੱਤਾ।

ਡੌਲੀ ਜੋ ਪਰਮਿੰਦਰ ਤੋਂ ਇੱਕ ਸਾਲ ਸੀਨੀਅਰ ਸੀ, ਨੂੰਬਹੁਤ ਗੁੱਸਾਲੱਗਾ। "ਹੁਣ ਤਾਂ ਟਾਈਮ ਨਹੀਂ, ਕਲਾਸ ਲਗਾਉਣੀ ਹੈ, ਰਿਸੈਸ ਵਿੱਚ ਤੇਰੀ ਖਬਰ ਲਵਾਂਗੀ" , ਡੌਲੀ ਕਾਹਲੀ ਨਾਲ ਜਾਂਦੀ ਹੋਈ, ਬੋਲੀ ਜਾ ਰਹੀ ਸੀ।

ਪਰਮਿੰਦਰ ਕੌਰ ਨੇ ਸਲਵਾਰ ਕਮੀਜ਼ ਪਹਿਨੀ ਹੋਈ ਸੀ। ਸਿਰ ਤੇ ਦਸਤਾਰ (ਕੇਸਕੀ) ਅਤੇ ਸ੍ਰੀ ਸਾਹਿਬ (ਕ੍ਰਿਪਾਨ) ਉਪਰੋਂ ਦੀ ਸਜਾਈ ਹੋਈ ਸੀ। ਡੌਲੀ ਨੇ ਜੀਨਜ਼ ਨਾਲ ਟਾਪ ਪਾਇਆ ਹੋਇਆ ਸੀ ਤੇ ਸਿਰ ਦੇ ਵਾਲ ਖਲਾਰੀ ਮਾਡਰਨ ਬਣੀ ਹੋਈ ਸੀ। ਰਿਸੈਸ ਸਮੇਂ, ਦੋਵੇਂ ਫਿਰ ਮਿਲਦੀਆਂ ਹਨ ਤੇ ਗੱਲਬਾਤ ਸ਼ੁਰੂ ਹੁੰਦੀਹੈ।

ਡੌਲੀ - ਪਰਮਿੰਦਰ, ਮੈਂ ਤਾਂ ਤੈਨੂੰਸ਼ਰੀਫ ਕੁੜੀ ਸਮਝਦੀ ਸਾਂ, ਪਰ ਸਵੇਰੇ ਤੂੰਮੇਰੀ ਬੜੀ ਬੇਇੱਜ਼ਤੀ ਕੀਤੀ ਹੈ। ਹੁਣ ਕਰ ਗੱਲ ਜਿਹੜੀ ਕਰਨੀ ਹੈ।

ਪਰਮਿੰਦਰ ਕੌਰ- ਤੇਰੀ ਬੇਇੱਜ਼ਤੀ ਕਰਨ ਦਾ, ਮੇਰਾ ਕੋਈ ਮਕਸਦ ਨਹੀਂ ਹੈ। ਪਹਿਲ ਤੂੰਕੀਤੀ ਸੀ ਤੇ ਜਵਾਬ ਵਿੱਚ, ਮੈਂ ਸੱਚਾਈ ਸੁਣਾ ਦਿੱਤੀ।

ਡੌਲੀ- ਭਲਾ ਤੂੰਮੁੰਡਿਆਂਵਰਗੀ ਨਹੀਂ ਲੱਗਦੀ, ਮੈਂ ਤੈਨੂੰਗਲਤ ਕੀ ਕਿਹਾ ਹੈ ?

ਪਰਮਿੰਦਰ ਕੌਰ- ਮੁੰਡਿਆਂਵਰਗੀ ਲੱਗਣਾ, ਕੋਈ ਮਾੜੀ ਗੱਲ ਨਹੀਂ ਹੈ। ਜਦੋਂ ਅਸਾਂ ਬਰਾਬਰਤਾ ਦੀਆਂ ਗੱਲਾਂ ਕਰਦੇ ਹਾਂ, ਜੇ ਪਹਿਰਾਵੇ ਵਿੱਚ ਵੀ ਥੋੜ੍ਹੀ ਸਮਾਨਤਾ ਹੋ ਜਾਵੇ, ਤਾਂ ਕੀ ਹਰਜ਼ ਹੈ। ਪਰ ਤੇਰਾ ਮੈਨੂੰ'ਝੱਲੀ ਜਿਹੀ' ਕਹਿਣਾ ਬਿਲਕੁਲ ਗਲਤ ਤੇ ਨਜਾਇਜ਼ ਹੈ।

ਡੌਲੀ (ਕੁਝ ਨਰਮ ਹੋ ਕੇ)- ਪਰਮਿੰਦਰ, ਦੇਖ ਤੂੰਕਾਲਜ ਪੜ੍ਹਦੀ ਹੈਂ, ਨਵੇਂ ਜ਼ਮਾਨੇ ਵਿੱਚ, ਤੈਨੂੰਮਾਡਰਨ ਬਣ ਕੇ ਰਹਿਣਾ ਚਾਹੀਦਾ ਹੈ।

ਪਰਮਿੰਦਰ ਕੌਰ- ਡੌਲੀ, ਤੁਸੀਂ ਬਹੁਤ ਵੱਡੇ ਭੁਲੇਖੇ ਵਿੱਚ ਹੋ ਕਿ ਅੱਛੀ ਤਰ੍ਹਾਂ ਸਰੀਰ ਕੱਜਦੇ ਪਹਿਰਾਵੇ ਨੂੰ ਤੁਸੀਂ ਪਿਛਾਂਹ-ਖਿੱਚੂ (backward) ਸਮਝਦੇ ਹੋ ਤੇ ਅੱਧੇ ਨੰਗੇ ਡਰੈੱਸ ਨੂੰ ਤੁਸੀਂ ਮਾਡਰਨ ਸਮਝਦੇ ਹੋ। ਮਾਡਰਨਿਟੀ, ਮੇਰੀਏ ਸਹੇਲੀਏ, ਪਹਿਰਾਵੇ ਵਿੱਚ ਨਹੀਂ, ਉਚੇ-ਸੁੱਚੇ ਵਿਚਾਰਾਂ ਵਿੱਚ ਹੈ।

ਡੌਲੀ- ਜੇ ਪਹਿਲਾਂ ਡਰੈੱਸ ਮਾਡਰਨ ਹੋਵੇਗਾ ਤਾਂ ਹੀ ਵਿਚਾਰ ਮਾਡਰਨ ਹੋਣਗੇ।

ਪਰਮਿੰਦਰ ਕੌਰ- ਜ਼ਰਾ ਆਪਣੀ ਫਿਲਾਸਫੀ ਚੰਗੀ ਤਰ੍ਹਾਂ ਸਪੱਸ਼ਟ ਕਰ, ਮੈਨੂੰ ਤੇਰੀ ਗੱਲ ਬਿਲਕੁਲ ਗਲਤ ਲੱਗਦੀ ਹੈ।

ਡੌਲੀ- ਜੇ ਅਸੀਂ ਮਾਡਰਨ ਡਰੈਸ ਪਾਵਾਂਗੇ ਤਾਂ ਸਾਰੇ ਸਾਨੂੰ ਦੇਖ ਕੇ ਹੀ ਮਾਡਰਨ ਸਮਝ ਲੈਣਗੇ। ਵਿਚਾਰਾਂ ਦੇ ਮਾਡਰਨ ਹੋਣਾ ਤਾਂ ਬਾਅਦ ਦੀ ਗੱਲ ਹੈ।

ਪਰਮਿੰਦਰ ਕੌਰ- ਦੇਖ, ਤੇਰੇ ਮਾਡਰਨ ਡਰੈਸ ਦੀ, ਅੱਜ ਦੀ ਗੱਲ ਸੁਣਾਉਂਦੀ ਹਾਂ। ਤੂੰ ਸਕੂਟਰ ਤੇ ਮੇਰੇ ਅੱਗੇ-ਅੱਗੇ ਆ ਰਹੀ ਸੀ। ਤੇਰੇ ਖੁੱਲ੍ਹੇ ਵਾਲ, ਹਵਾ ਵਿੱਚ ਉੱਡ ਰਹੇ ਸਨ ਤੇ ਕਈ ਵਾਰ ਤੇਰੀਆਂ ਅੱਖਾਂ ਅੱਗੇ ਆ ਜਾਂਦੇ ਸਨ ਤੇ ਤੇਰੇ ਲਈ ਡਰਾਈਵਿੰਗ ਦੀ ਸਮੱਸਿਆ ਬਣੀ ਹੋਈ ਸੀ। ਤੇਜ਼ ਟਰੈਫਿਕ ਵਿੱਚ ਇਕ-ਦੋ ਵਾਰੀ, ਤੂੰ ਮਸਾਂ-ਮਸਾਂ ਐਕਸੀਡੈਂਟ ਤੋਂ ਬਚੀ। ਇਹ ਠੀਕ ਹੈ ਨਾ ?

ਡੌਲੀ- ਇਹ ਤੇਰੀ ਗੱਲ ਠੀਕ ਹੈ, ਕੱਲ੍ਹ ਤੋਂ ਕਿਵੇਂ ਨਾ ਕਿਵੇਂ, ਮੈਂ ਵਾਲ ਸੰਭਾਲ ਕੇ ਚਲਾਵਾਂਗੀ।

ਪਰਮਿੰਦਰ ਕੌਰ- ਜਦੋਂ ਤੂੰ ਸਕੂਟਰ ਤੇ ਥੋੜ੍ਹਾ ਅੱਗੇ ਝੁਕਦੀ ਸਾਂ, ਤਾਂ ਤੇਰਾ ਟਾਪ, ਤੇਰੀ ਜੀਨਜ਼ ਪੈਂਟ ਤੋਂ ਥੋੜ੍ਹਾ ਉੱਪਰ ਉੱਠ ਜਾਂਦਾ ਸੀ ਤੇ ਇਸ ਤਰ੍ਹਾਂ ਤੇਰੀ ਪਿੱਠ ਨੰਗੀ ਹੋ ਜਾਂਦੀ ਸੀ। ਖਾਸ ਤੌਰ ਤੇ, ਜਦੋਂ ਲਾਈਟਾਂ ਤੇ ਰੁਕੇ ਸਾਂ, ਤੂੰ ਅੱਗੇ ਨੂੰ ਝੁਕੀ ਹੋਈ ਸੀ ਤੇ ਪਿੱਛੋਂ ਤੇਰੀ ਨੰਗੀ ਪਿੱਠ ਸਾਫ ਦਿਖਾਈ ਦੇ ਰਹੀ ਸੀ। ਕਈ ਨੌਜਵਾਨ ਤੇਰੀ ਪਿੱਠ ਬੜੀ ਨੀਝ ਨਾਲ ਦੇਖ ਰਹੇ ਸਨ ਤੇ ਹਾਸਾ ਮਜ਼ਾਕ ਵੀ ਕਰ ਰਹੇ ਸਨ। ਇਸੇ ਕਰਕੇ ਮੈਂ ਤੈਨੂੰ "ਲੋਕਾਂ ਨੂੰ ਆਵਾਜ਼ਾਂ ਮਾਰਦੀ" ਕਿਹਾ ਸੀ।

ਡੌਲੀ (ਬੇਸ਼ਰਮ ਹੋ ਕੇ)- ਚੱਲ ਚੰਗਾ, ਕੋਈ ਵਧੀਆ ਮੁੰਡਾ ਪੱਟ ਲਵਾਂਗੀ ਤੇ ਫੇਰ ਉਸੇ ਨਾਲ ਸ਼ਾਦੀ ਕਰ ਲਵਾਂਗੀ।

ਪਰਮਿੰਦਰ ਕੌਰ- ਡੌਲੀ, ਭੋਲੀਏ ਤੈਨੂੰ ਇੰਨ੍ਹਾਂ ਮਰਦਾਂ (ਨੌਜਵਾਨਾਂ) ਦੇ ਮਨੋਵਿਗਿਆਨ ਦਾ ਪਤਾ ਨਹੀਂ। ਇਹ ਗਲੀਆਂ ਬਾਜ਼ਾਰਾਂ ਵਿੱਚ ਜਿਵੇਂ ਮਰਜ਼ੀ ਅਵਾਰਾ ਗਰਦੀ ਕਰਨ ਤੇ ਤੇਰੇ ਵਰਗੀਆਂ ਕੁੜੀਆਂ ਪਿੱਛੇ ਲੱਟੂ ਹੁੰਦੇ ਫਿਰਨ। ਪਰ ਇਹ ਆਪਣੀ ਮਾਂ, ਭੈਣ ਤੇ ਪਤਨੀ ਦਾ, ਨਾ ਨੰਗੇਜ਼ ਬਰਦਾਸ਼ਤ ਕਰ ਸਕਦੇ ਹਨ ਤੇ ਨਾ ਉਨ੍ਹਾਂ ਦੇ ਚਰਿੱਤਰ ਵਿੱਚ ਕੋਈ ਕਮੀ ਦੇਖ ਸਕਦੇ ਹਨ। ਵਿਦੇਸ਼ੀ ਮੁੰਡੇ ਕਿਉਂ ਹਰ ਸਾਲ ਏਧਰ ਦੀਆਂ ਕੁੜੀਆਂ ਨਾਲ ਵਿਆਹ ਕਰਾਉਣ ਆਉਂਦੇ ਹਨ। ਕਾਰਨ, ਮਰਦਾਂ ਦਾ ਇਹੀ ਮਨੋਵਿਗਿਆਨ ਹੈ। ਜੇ ਹੋਰ ਤਜ਼ਰਬਾ ਕਰਨਾ ਹੈ ਤਾਂ ਆਪਣੇ ਛੋਟੇ ਤੇ ਵੱਡੇ ਵੀਰ ਨਾਲ ਗੱਲ ਕਰਕੇ ਵੇਖੀਂ, ਤੈਨੂੰ ਚਿੱਟੇ ਦਿਨ ਵਾਂਗ ਚਾਨਣ ਹੋ ਜਾਵੇਗਾ।

ਡੌਲੀ- ਪਰਮਿੰਦਰ, ਤੂੰ ਤਾਂ ਮੇਰੀਆਂ ਅੱਖਾਂ ਖੋਲ੍ਹ ਦਿੱਤੀਆਂ ਹਨ। ਸੱਚਮੁੱਚ ਮੈਂ ਭੁਲੇਖੇ ਦਾ ਸ਼ਿਕਾਰ ਸਾਂ। ਹੋਰ ਦੱਸ, ਬੜੀਆਂ ਵਧੀਆ ਨੇ ਤੇਰੀਆਂ ਗੱਲਾਂ।

ਪਰਮਿੰਦਰ ਕੌਰ - ਮੇਰੇ ਪਹਿਰਾਵੇ ਨੂੰ ਦੇਖ ਕੇ, ਅੱਵਲ ਤਾਂ ਕੋਈ ਸ਼ਰਾਰਤੀ ਮਾੜੀ ਹਰਕਤ ਕਰਨ ਦਾ ਹੌਂਸਲਾ ਹੀ ਨਹੀਂ ਕਰ ਸਕਦਾ ਤੇ ਜੇ ਕੋਈ ਐਸੀ ਜੁਰਅੱਤ ਕਰੇ ਤਾਂ ਪੈਰੀਂ ਜੁੱਤੀ ਤੇ ਸ੍ਰੀ ਸਾਹਿਬ ਕਿਹੜੇ ਕੰਮ ਲਈ ਹੈ? ਪਰ ਮੈਨੂੰ ਵਿਸਵਾਸ਼ ਹੈ ਕਿ

ਇੱਥੋਂ ਤੱਕ ਨੌਬਤ ਕਦੇ ਨਹੀਂ ਆਉਣੀ। ਆਪਣੇ ਪਹਿਰਾਵੇ ਕਰਕੇ ਮੈਂ ਇਸ ਪਾਸਿਓਂ ਨਿਸਚਿੰਤ ਹੋ ਕੇ, ਪੂਰੇ ਮਨ ਨਾਲ ਪੜ੍ਹਾਈ ਕਰਦੀ ਹਾਂ। ਪਿਛਲੇ ਸਾਲ, ਮੇਰੇ ਚੰਗੇ ਨੰਬਰ ਆਏ ਹਨ, ਇਸ ਵਾਰੀ ਵੀ ਵਧੀਆ ਨੰਬਰ ਆਉਣ ਦੀ ਪੂਰੀ ਉਮੀਦ ਹੈ।

ਰਿਸੈਸ ਟਾਈਮ ਖਤਮ ਹੋ ਗਿਆ। ਘੰਟੀ ਵੱਜਦੀ ਹੈ, ਦੋਵੇਂ ਆਪੋ-ਆਪਣੀਆਂ ਕਲਾਸਾਂ ਵਿੱਚ ਜਾਂਦੀਆਂ ਹਨ।

ਅਗਲੇ ਦਿਨ, ਡੌਲੀ ਕਾਲਜ ਨਹੀਂ ਆਈ। ਸ਼ਾਮ ਨੂੰ ਪਰਮਿੰਦਰ ਕੌਰ ਨੇ ਫੋਨ ਕਰਕੇ ਪੁੱਛਿਆ ਕਿ ਅੱਜ ਕਾਲਜ ਕਿਉਂ ਨਹੀਂ ਆਈ।

ਡੌਲੀ ਨੇ ਉਤਰ ਦਿੱਤਾ- ਮੈਂ ਬਾਜ਼ਾਰ ਗਈ ਸਾਂ ਤੇ ਦੋ ਨਵੇਂ ਸੂਟ (ਸਲਵਾਰ, ਕਮੀਜ਼) ਸਵਾਏ ਹਨ। ਹੁਣ ਬਸ ਤੇਰੀ ਗੱਲ ਮੰਨ ਕੇ, ਸਲਵਾਰ ਕਮੀਜ਼ ਹੀ ਪਹਿਨਣੀ ਹੈ ਤੇ ਪੜ੍ਹਾਈ ਵੱਲ ਵੀ ਪੂਰਾ ਧਿਆਨ ਦੇਣਾ ਹੈ।

ਛੇ ਮਹੀਨੇ ਬਾਅਦ ਯੂਨੀਵਰਸਿਟੀ ਦੇ ਨਤੀਜੇ ਨਿੱਕਲਦੇ ਹਨ। ਕੁਲਵਿੰਦਰ ਕੌਰ ਡੌਲੀ ਦਾ ਨਾਮ ਮੈਰਿਟ ਲਿਸਟ ਵਿੱਚ ਸੀ। ਕੁਲਵਿੰਦਰ ਕੌਰ ਧੰਨਵਾਦ ਕਰਨ ਲਈ, ਖੁਸ਼ੀ-ਖੁਸ਼ੀ ਪਰਮਿੰਦਰ ਕੌਰ ਦੇ ਘਰ ਪਹੁੰਚਦੀ ਹੈ। ਪਰਮਿੰਦਰ ਕੌਰ ਨੇ ਕਿਹਾ ਕਿ ਮੇਰਾ ਧੰਨਵਾਦ ਕਰਨ ਦੀ ਬਜਾਇ, ਚੱਲ ਆਪਾਂ ਗੁਰਦੁਆਰਾ ਸਾਹਿਬ ਜਾਂਦੇ ਹਾਂ ਤੇ ਗੁਰੂ ਮਹਾਰਾਜ ਦਾ ਧੰਨਵਾਦ ਕਰਦੇ ਹਾਂ। ਥੋੜ੍ਹੇ ਸਮੇਂ ਬਾਅਦ, ਪਰਮਿੰਦਰ ਕੌਰ ਦੀ ਸੰਗਤ ਦੇ ਅਸਰ ਹੇਠ ਡੌਲੀ, ਕੁਲਵਿੰਦਰ ਕੌਰ ਖਾਲਸਾ ਬਣ ਗਈ।

## 20. ਸ਼ੁਭਗੁਣ ਤੇ ਰੁਕਾਵਟਾਂ

ਐਮ.ਏ. (ਐਮ. ਐਸ. ਸੀ) ਮੈਥੇਮੇਟਿਕਸ ਕਰਨ ਤੋਂ ਬਾਅਦ ਮੈਨੂੰ ਇਕ ਕਾਲਜ ਵਿੱਚ ਨੌਕਰੀ ਮਿਲ ਗਈ। ਇਸ ਪ੍ਰਾਈਵੇਟ ਕਾਲਜ ਦੀ ਮੈਨੇਜਿੰਗ ਕਮੇਟੀ ਦੇ ਕਈ ਮੈਂਬਰ ਕਾਮਰੇਡ ਸੱਜਣ ਸਨ। ਇੱਕ ਦਿਨ ਸ਼ਾਮ ਵੇਲੇ ਮੈਨੇਜਿੰਗ ਕਮੇਟੀ ਦੇ ਦੋ ਕਾਮਰੇਡ ਮੈਂਬਰ ਮੈਨੂੰ ਤੇ ਮੇਰੇ ਇੱਕ ਹੋਰ ਸਾਥੀ ਪ੍ਰੋਫੈਸਰ ਨੂੰ ਬਟਾਲੇ ਬੱਸ ਸਟੈਂਡ ਤੇ ਮਿਲ ਪਏ। ਆਓ ਆਪਾਂ ਜ਼ਰਾ ਬੈਠਦੇ ਹਾਂ। ਅਸੀਂ ਚਾਰੇ ਨੇੜਲੀ ਚਾਹ ਵਾਲੀ ਦੁਕਾਨ ਤੇ ਜਾ ਬੈਠੇ। ਮੈਂ ਤਾਂ ਸੋਚਿਆ ਸ਼ਾਇਦ ਚਾਹ ਪੀਣੀ ਹੋਵੇਗੀ, ਪਰ ਉਨ੍ਹਾਂ ਨੇ ਲਾਗਲੇ ਠੇਕੇ ਤੋਂ ਸ਼ਰਾਬ ਦੀ ਬੋਤਲ ਮੰਗਵਾ ਲਈ।

ਚਾਰ ਗਿਲਾਸਾਂ ਵਿੱਚ ਸ਼ਰਾਬ ਪਾ ਕੇ ਕਹਿਣ ਲਗੇ, ਪਹਿਲਾਂ ਘੁੱਟ ਘੁੱਟ ਪੀ ਲਈਏ। ਉਨ੍ਹਾਂ ਦੋਵਾਂ ਇੱਕ ਦੂਜੇ ਨਾਲ ਗਿਲਾਸ ਟੱਕਰਾ ਕੇ ਝੱਟ ਖਾਲੀ ਕਰ ਦਿੱਤੇ। ਦੋ ਗਿਲਾਸ ਜੋ ਉਨ੍ਹਾਂ ਸਾਡੇ ਵਾਸਤੇ ਬਣਾਏ ਸਨ ਜਿਉਂ ਦੇ ਤਿਉਂ ਮੇਜ਼ ਤੇ ਪਏ ਸਨ। ਅਸੀਂ ਦੋਵੇਂ ਪ੍ਰੋਫੈਸਰ ਨਾ ਪੀਣ ਵਾਲੇ (non drinker) ਸਾਂ। ਉਨ੍ਹਾਂ ਨੇ ਆਪਣੇ ਗਿਲਾਸ ਫਿਰ ਤੋਂ ਭਰ ਲਏ ਤੇ ਏਧਰ-ਓਧਰ ਦੀਆਂ ਗੱਲਾਂ ਮਾਰਨ ਲਗੇ। ਉਨ੍ਹਾਂ ਦੀਆਂ ਬਹੁਤੀਆਂ ਗੱਲਾਂ ਬੇਤੁਕੀਆਂ, ਬੇਅਰਥ ਸਨ, ਜਿਵੇਂ ਕਿ ਅਕਸਰ ਸ਼ਰਾਬੀਆਂ ਦੀਆਂ ਹੁੰਦੀਆਂ ਹਨ।

ਪਹਿਲਾਂ ਤਾਂ ਸਾਨੂ ਪਿਆਰ ਨਾਲ ਮਨਾਉਂਦੇ ਰਹੇ ਕਿ ਤੁਸੀਂ ਸਾਡੇ ਨਾਲ ਸ਼ਰਾਬ ਜਰੂਰ ਪੀਵੋ, ਜਦ ਅਸੀਂ ਨਾ ਮੰਨੇ ਤਾਂ ਧੌਂਸ ਤੇ ਧਮਕੀਆਂ ਦੇਣ ਲੱਗ ਪਏ। "ਤੁਹਾਡੀ ਨੌਕਰੀ ਸਾਡੇ ਹੱਥ ਹੈ" ਤੇ ਹੋਰ ਕਈ ਕੁਝ ਊਲ ਜਲੂਲ ਬੋਲਣ ਲੱਗ ਪਏ। ਮੇਰੇ ਸਾਥੀ ਪ੍ਰੋਫੈਸਰ ਨੇ ਮੈਨੂ ਥੋੜਾ ਇੱਕ ਪਾਸੇ ਲਿਜਾ ਕੇ ਸਮਝਾਉਣ ਦੀ ਕੋਸ਼ਿਸ਼ ਕੀਤੀ - "ਗੱਲ ਤਾਂ ਇਹ ਗਲਤ ਕਰ ਰਹੇ ਹਨ ਪਰ ਸਮੇਂ ਦੀ ਨਜਾਕਤ ਤੇ ਮਜਬੂਰੀ ਨੂ ਧਿਆਨ ਵਿਚ ਰੱਖਦੇ ਹੋਏ, ਮਾੜਾ ਜਿਹਾ ਟੋਸਟ ਕਰ ਲੈਂਦੇ ਹਾਂ।" "ਪ੍ਰੋ: ਸਾਹਿਬ ਮੈਂ ਤੁਹਾਡੇ ਮਨ ਦੀਆਂ ਭਾਵਨਾਵਾਂ ਸਮਝਦਾ ਹਾਂ, ਪਰ ਇੱਕ ਵੇਰੀ ਦਾ 'ਮਾੜਾ ਜਿਹਾ ਟੋਸਟ' ਸਾਨੂ ਹਮੇਸ਼ਾਂ ਲਈ ਉਚੇ-ਸੁੱਚੇਅਸੂਲਾਂ ਤੋਂ ਡੇਗ ਦੇਵੇਗਾ।"

ਉਹ ਪ੍ਰੋ: ਸਾਹਿਬ ਮੇਰੀ ਦ੍ਰਿੜਤਾ ਤੇ ਦੂਜੇ ਪਾਸੇ ਦੀ ਮਜ਼ਬੂਰੀ ਨੂ ਟਾਲਦੇ ਹੋਏ "ਅਚਾਨਕ ਕਿਸੇ ਜਰੂਰੀ ਕੰਮ" ਦੇ ਯਾਦ ਆ ਜਾਣ ਦਾ ਬਹਾਨਾ ਲਾ ਕੇ ਖਿਸਕ ਗਏ। ਹੁਣ ਉਹ ਦੋ ਤੇ ਮੈਂ ਇੱਕਲਾ। ਪਰ ਅਸਲ ਵਿੱਚ ਮੈਂ ਇੱਕਲਾ ਨਹੀਂ, ਝੱਟ ਮੇਰਾ ਗੁਰੂ, ਮੇਰੇ ਮਨ ਅੰਦਰ, ਮੇਰੇ ਨਾਲ ਆਣ ਖੜੋਤਾ। ਦੂਸਰੇ ਪ੍ਰੋ: ਸਾਹਿਬ ਦੇ ਮਨ ਅੰਦਰ ਕੰਮਜ਼ੋਰੀ ਆਉਣ ਦਾ ਮੈਨੂ ਪਹਿਲਾਂ ਹੀ ਡਰ ਸੀ, ਇਸ ਲਈ ਉਨ੍ਹਾਂ ਦੇ ਜਾਣ ਨਾਲ ਮੈਂ ਜ਼ਿਆਦਾ ਦ੍ਰਿੜ ਹੋ ਗਿਆ। ਹੁਣ ਉਨ੍ਹਾਂ ਤੀਜੀ ਵਾਰ ਆਪਣੇ ਗਿਲਾਸ ਭਰ ਲਏ। ਮੈਨੂ ਲਲਕਾਰਿਆ, "ਜੇ ਤੂ ਪੀਵੇਂਗਾ ਤਾਂ ਹੀ ਅਸੀਂ ਪੀਵਾਂਗੇ" "ਮੈਂ ਨਹੀਂ ਪੀਣੀ ਤੇ ਮੈਨੂ ਖੁਸ਼ੀ ਹੋਵੇਗੀ ਜੇ ਤੁਸੀਂ ਵੀ ਨਾ ਪੀਵੋ ਤਾਂ" "ਤੈਨੂ ਸਿੱਖੀ ਦੀ ਪਾਣ ਜ਼ਰਾ ਜਿਆਦਾ ਹੀ ਚੜ੍ਹੀ ਹੋਈ ਹੈ, ਪਰ ਅਸੀਂ ਤਾਂ ਵੱਡੇ-ਵੱਡੇ ਠੀਕ ਕਰ ਦਿੱਤੇ ਹਨ। ਫਿਰ ਗੁੱਸੇਵਿੱਚ ਆ ਕੇ ਬੋਲੇ, "ਨਹੀਂ ਪੀਣੀ ਤਾਂ ਡੋਲ ਦੇ ਇਸ ਨੂ।"

"ਲਓ ਜੀ, ਡੋਲ ਦਿੰਦਾ ਹਾਂ" ਇਹ ਕਹਿ ਕੇ ਮੈਂ ਗਿਲਾਸ ਚੁਕਿਆ ਤਾਂ ਦੋਵੇਂ ਇੱਕਦਮ ਤ੍ਰਭਕ ਕੇ, ਮੇਰੇ ਹੱਥੋਂ ਗਿਲਾਸ ਖੋਹ ਲੈਂਦੇ ਹਨ "ਇਹ ਬੜੀ ਕੀਮਤੀ ਚੀਜ਼ ਹੈ, ਦੇਖੀਂ ਕਿਤੇ ਡੋਲ੍ਹ ਨਾ ਦੇਵੀਂ" "ਛੱਡ ਯਾਰ, ਦਫਾ ਕਰ ਇਹਨੂ, ਜਾ, ਚਲਾ ਜਾ।" ਇਹ ਕਹਿੰਦਿਆਂ ਉਨ੍ਹਾਂ ਭਰੇ ਗਿਲਾਸ ਗੱਟ-ਗੱਟ ਕਰਕੇ ਚੜ੍ਹਾਅ ਲਏ।

ਅਗਲੇ ਦਿਨ ਮੇਰੇ ਖਿਲਾਫ ਉਨ੍ਹਾਂ ਕਈ ਦੋਸ਼ ਲਾ ਕੇ ਸ਼ਿਕਾਇਤ ਕਰ ਦਿੱਤੀ। ਮੈਨੂ ਪ੍ਰਧਾਨ ਜੀ ਨੇ ਬੁਲਾਇਆ ਤੇ ਪੁੱਛਿਆ ਕਿ ਕੀ ਗੱਲ ਹੈ। ਮੈਂ ਸਾਰੀ ਵਾਰਤਾ ਉਨ੍ਹਾਂ ਨੂ ਇਨ ਬਿਨ ਸੁਣਾ ਦਿੱਤੀ। ਉਨ੍ਹਾਂ ਮੈਨੂ ਸ਼ਾਬਾਸ਼ ਦਿਤੀ ਤੇ ਮੈਨੇਜਿੰਗ ਕਮੇਟੀ ਦੇ ਮੈਂਬਰਾਂ ਦੇ ਮਾੜੇ ਵਤੀਰੇ ਦਾ ਬਹੁਤ ਬੁਰਾ ਮਨਾਇਆ। ਇਸ ਤਰ੍ਹਾਂ ਗੁਰੂ ਮਿਹਰ ਸਦਕਾ ਮੇਰੇ ਮਨ ਅੰਦਰ ਚੰਗੇ ਗੁਣ ਅਪਨਾਉਣ ਦਾ ਚਾਅ ਹੋਰ ਵੱਧ ਗਿਆ।

## 21. ਅਸੀਂ ਕੇਸ ਉਗਾਉਂਦੇ ਨਹੀਂ ਸਗੋਂ ਤੁਸੀਂ ਕੇਸ ਕਟਾਉਂਦੇ ਹੋ

ਜੰਮੂ ਰਹਿੰਦਿਆਂ ਇਕ ਦਿਨ ਮੈਂ ਆਪਣੇ ਤਾਮਿਲਨਾਡੂ ਵਾਲੇ ਸਾਥੀ ਅਧਿਆਪਕਾਂ ਨੂ ਘਰ ਖਾਣੇ ਵਾਸਤੇ ਬੁਲਾਇਆ। ਆਉਂਦਿਆਂ ਹੀ ਉਨ੍ਹਾਂ ਕਿਹਾ "Mr. singh we wish to ask certain question regarding your religion" ਭਾਵ "ਸਿੰਘ ਜੀ, ਅਸੀਂ ਤੁਹਾਡੇ ਧਰਮ ਬਾਰੇ ਕੁਝ ਸੁਆਲ ਪੁਛਣਾ ਚਾਹੁੰਦੇਹਾਂ।" ਪਹਿਲਾ ਸਵਾਲ ਹੈ "Why you grow your hair?" "ਤੁਸੀਂ ਆਪਣੇ ਕੇਸ ਕਿਉਂ ਵਧਾਉਂਦੇ ਹੋ?"

ਮੇਰਾ ਸਹਿਜ ਸੁਭਾਅ ਉਤਰ ਸੀ, "Hair grow at their own we don't use any cream, powder, soap etc to grow them. ਭਾਵ ਕੇਸ ਆਪਣੇ ਆਪ ਉੱਗਦੇ ਤੇ ਵਧਦੇ ਹਨ ਅਸੀਂ ਕੋਈ ਖਾਸ ਕਰੀਮ, ਪਾਊਡਰ, ਸਾਬਣ ਆਦਿ ਕੇਸ ਵਧਾਉਣ ਲਈ ਨਹੀਂ ਵਰਤਦੇ।"

ਇੱਕ ਵੇਰ ਸਭ ਚੁਪ ਹੋ ਗਏ। ਫਿਰ ਚੁਪੀ ਤੋੜਦਿਆਂ ਮੈਂ ਕਿਹਾ, May I ask why you remove your hair? ਕੀ ਮੈਂ ਪੁਛ ਸਕਦਾ ਹਾਂ ਕਿ ਤੁਸੀਂ ਆਪਣੇ ਕੇਸ ਕਿਉਂ ਹਟਾਉਂਦੇ (ਕਟਾਉਂਦੇ) ਹੋ?"

ਇਸ ਤੋਂ ਪਿੱਛੋਂ ਇਸ ਵਿਸ਼ੇ ਤੇ ਬੜੀ ਭਰਵੀਂ ਬਹਿਸ ਹੋਈ ਤੇ ਉਹ ਮੇਰੇ ਸਵਾਲ ਦਾ ਕੋਈ ਸਹੀ ਜਵਾਬ ਦਲੀਲ ਰਾਹੀਂ ਨਾ ਦੇ ਸਕੇ ਅਤੇ ਅਖੀਰ ਉਨ੍ਹਾਂ ਮੰਨ ਲਿਆ ਕਿ ਕੇਸ (ਵਾਲ) ਕੱਟਣ ਪਿਛੇ ਕੋਈ ਸਹੀ ਦਲੀਲ ਨਹੀਂ ਦਿਤੀ ਜਾ ਸਕਦੀ। (ਇਹ ਵਿਚਾਰ ਮੈਥੇਮੈਟਿਕਸ ਦੇ ਕਾਲਜ ਅਧਿਆਪਕਾਂ ਦਰਮਿਆਨ ਹੋਈ ਸੀ ਜੋ ਹਰ ਗੱਲ ਦਲੀਲ ਨਾਲ ਮੰਨਦੇ ਹਨ ਤੇ ਦਲੀਲ ਨਾਲ ਮਨਾਉਂਦੇ ਹਨ। ਪਰ ਜਾਣ ਬੁਝ ਕੇ ਬਣੇ ਮਚਲੇ ਤੇ ਢੀਠ ਬੰਦਿਆਂ ਨੂ ਕੌਣ ਸਮਝਾ ਸਕਦਾ ਹੈ?)

## 22. ਗੁਰੂ ਗੋਬਿੰਦ ਸਿੰਘ ਜੀ ਤੇ ਆਰ. ਐਸ.ਐਸ

ਸੁਭਾਸ਼ ਮੁਰਲੀਧਰ ਮੁਤੇਪਵਾਰ ਤੇ ਮੇਰਾ ਦੋਨਾਂ ਦਾ ਇੱਕ (same) ਹੀ ਸੁਪਰਵਾਈਜਰ (ਗਾਈਡ) ਸੀ। (ਸੁਪਰਵਾਈਜਰ ਯੂਨੀਵਰਸਿਟੀ ਦਾ ਉਹ ਪ੍ਰੋਫੈਸਰ ਹੁੰਦਾਹੈ ਜਿਸ ਦੀ ਅਗਵਾਈ ਵਿਚ ਪੀ.ਐਚ.ਡੀ. ਕਰਨ ਵਾਲਾ ਖੋਜੀ ਵਿਦਿਆਰਥੀ ਕੰਮ ਕਰਦਾ ਹੈ)। ਸੁਭਾਸ਼ ਜੀ ਬੜੇ ਤੇਜ ਚਲਾਕ ਚੁਸਤ ਤੇ ਲਾਇਕ ਆਦਮੀ ਸਨ। ਇਕੋ ਅਧਿਆਪਕ ਪੱਥ ਪਰਦਸ਼ਕ ਦੇ ਵਿਆਰਥੀ ਹੋਣ ਕਰਕੇ ਸਾਡੀ ਦੋਹਾਂ ਦੀ ਅਕਾਦਮਿਕ ਸਾਂਝ ਤਾਂ ਹੋਣੀ ਹੀ ਸੀ ਪਰਿਵਾਰਕ ਨੇੜਤਾ ਵੀ ਬਹੁਤ ਵੱਧ ਗਈ।

ਆਮ ਦੇਖਣ ਵਾਲੇ ਇਹੀ ਸਮਝਦੇ ਸਨ ਕਿ ਇਹ ਦੋਵੇਂ ਬੜੇ ਪੱਕੇ ਤੇ ਗੂੜ੍ਹੇ ਮਿੱਤਰ ਹਨ ਤੇ ਇਹ ਹੈ ਵੀ ਬਿਲਕੁਲ ਠੀਕ ਸੀ। ਪਰ ਹੈਰਾਨੀ ਦੀ ਗੱਲ ਇਹ ਸੀ ਕਿ ਸਾਡੇ ਵਿਚਾਰ ਬਿਲਕੁਲ ਇਕ ਦੂਜੇ ਦੇ ਵਿਰੁੱਧ ਸਨ। ਸੁਭਾਸ਼ ਜੀ ਤੇ ਉਸਦੇ ਪਿਤਾ ਜੀ ਆਰ.ਐਸ.ਐਸ (ਰਾਸ਼ਟਰੀ ਸੋਇਮ ਸੇਵਕ ਸੰਘ) ਦੇ ਪੱਕੇ ਹਮਾਇਤੀ ਸਨ ਤੇ ਉਸ ਲਈ ਕੰਮ ਵੀ ਕਰਦੇ ਸਨ। ਮੇਰਾ ਪਿਛੋਕੜ ਪੇਂਡੂ ਹੋਣ ਕਰਕੇ ਮੈਂ ਆਰ.ਐਸ.ਐਸ ਸੰਸਥਾ ਤੋਂ ਬਿਲਕੁਲ ਅਣਜਾਣ ਸਾਂ। ਸੁਭਾਸ਼ ਮੈਨੂੰ ਆਰ.ਐਸ.ਐਸ ਬਾਰੇ ਦੱਸਦਾ ਰਹਿੰਦਾ।

ਪਰ ਮੇਰਾ ਸਿੱਖੀ ਰੰਗ ਵਿਚ ਰੰਗਿਆ ਮਨ ਉਸਦੀਆਂ ਤੇਜ ਚੁਸਤ ਗੱਲਾਂ ਤੋਂ ਪ੍ਰਭਾਵਤ ਹੋਣ ਦੀ ਥਾਂ ਬਿਲਕੁਲ ਉਲਟ ਸੋਚ ਵਿਚ ਵਹਿਣ ਲੱਗਾ। ਮੈਂ ਅਣਜਾਣ ਸਾਂ, ਪਤਾ ਕੁਝ ਨਹੀਂ ਸੀ ਅਖੀਰ ਮੈਂ ਇਸ ਸੰਸਥਾ ਦੀ ਇੱਕ ਪੁਸਤਕ 'ਬੰਚ ਆਫ ਥਾਟਸ' ਖਰੀਦ ਕੇ ਬੜੀ ਘੋਖ ਪੜਤਾਲ ਨਾਲ ਉਸ ਦਾ ਅਧਿਐਨ ਕੀਤਾ। ਹੁਣ ਮੈਂ ਸੁਭਾਸ਼ ਨਾਲ ਬਹਿਸ ਕਰਨ ਦੇ ਯੋਗ ਸਾਂ। ਅਸੀਂ ਦੋਹਾਂ ਨੇ ਇਹ ਨਿਸ਼ਚਿਤ ਕਰ ਲਿਆ ਕੇ ਬਹਿਸ ਦੌਰਾਨ ਭਾਂਵੇ ਕਿੰਨੀ ਵੀ ਨੋਕ ਟੋਕ ਤੇ ਤਿਖੀਆਂ ਗੱਲਾਂ ਇਕ ਦੂਜੇ ਨੂੰ ਕਹੀਆਂ ਜਾਣ। ਪਰ ਸਾਡੀ ਮਿੱਤਰਤਾ ਤੇ ਪਰਿਵਾਰਕ ਨੇੜਤਾ ਹਮੇਸ਼ਾ ਕਾਇਮ ਰਹੇਗੀ। ਕੋਈ ਦੂਜੇ ਦੀ ਗੱਲ ਦਾ ਬੁਰਾ ਮਨਾ ਕੇ ਨਾਰਾਜ਼ ਨਹੀਂ ਹੋਵੇਗਾ।

ਸੋ ਪੜ੍ਹਾਈ ਤੋਂ ਬਾਅਦ ਰੋਜ਼ ਬਹਿਸ ਹੋਣੀ, ਜੰਮ ਕੇ ਲੜਾਈ ਹੋਣੀ ਤੇ ਬਾਅਦ ਵਿਚ ਦੁਪਹਿਰ ਦਾ ਖਾਣਾ (ਮੇਰੇ ਘਰ ਜਾਂ ਉਹਦੇ ਘਰ) ਦੋਹਾਂ ਇਕਠਿਆਂ ਖਾਣਾ। ਸਾਡੀ ਬਹਿਸ ਤੇ ਤਿੱਖੀ ਨੋਕ ਟੋਕ ਸੁਣ ਕੇ ਮੇਰੀ ਪਤਨੀ ਨੇ ਮੈਨੂੰ ਕੰਈ ਵਾਰੀ ਕਿਹਾ ਸੀ ਕਿ ਹੁਣ ਕੱਲ੍ਹ ਸੁਭਾਸ਼ ਨੇ ਤੁਹਾਡੇ ਨਾਲ ਨਹੀਂ ਬੋਲਣਾ, ਇੰਨੀ ਵਧੀਆਂ ਦੋਸਤੀ ਤੁਸੀਂ ਬਹਿਸਾਂ ਕਰਕੇ ਮਿੱਟੀ ਵਿਚ ਮਿਲਾ ਦਿੱਤੀ ਹੈ। ਪਰ ਫਿਰ ਉਸਨੇ (ਮੇਰੀ ਪਤਨੀ) ਹੈਰਾਨ ਹੋਣਾ ਕਿ ਅਗਲੇ ਦਿਨ ਅਸੀਂ ਉਸੇ ਤਰ੍ਹਾਂ ਬੜੇ ਪਿਆਰ ਨਾਲ ਦੁਪਹਿਰ ਦਾ ਖਾਣਾ ਇੱਕਠੇ ਖਾਣਾ। ਇਹ ਬੜੀ ਅਜਬ ਕਿਸਮ ਦੀ ਮਿਤਰਤਾ ਤੇ ਦੁਸ਼ਮਣੀ ਸੀ।

ਇੱਕ ਦਿਨ ਸੁਭਾਸ਼ ਨੇ ਮੈਨੂੰ ਦੱਸਿਆ ਕਿ ਆਰ.ਐਸ.ਐਸ ਦੇ ਤਿੰਨ ਵੀਰ (Heroes) ਹਨ। ਇਨ੍ਹਾਂ ਦੇ ਨਾਮ ਹਨ ਸ਼ਿਵਾਜੀ, ਰਾਣਾ ਪ੍ਰਤਾਪ ਤੇ ਗੁਰੂ ਗੋਬਿੰਦ ਸਿੰਘ ਜੀ। ਇਹ ਇਸ ਲਈ ਕਿ ਇਹ ਤਿੰਨੇ ਯੋਧੇ ਮਹਾਂਬਲੀ ਸੂਰਮੇ ਹੋਏ ਹਨ। ਪਰ ਗੁਰੂ ਗੋਬਿੰਦ ਸਿੰਘ ਜੀ ਦਾ ਆਰ. ਐਸ. ਐਸ ਵਾਲਿਆਂ ਦਾ ਵੀਰ (Hero) ਹੋਣਾ ਮੇਰੇ ਵਾਸਤੇ ਬਹੁਤ ਹੈਰਾਨੀ ਵਾਲੀ ਗੱਲ ਸੀ ਕਿਉਂਕਿ ਆਰ.ਐਸ ਐਸ ਦੀ ਹਿੰਦੂ ਵਿਚਾਰਧਾਰਾ ਤਾਂ ਸਿੱਖ ਧਰਮ ਦਾ ਵਿਰੋਧ ਕਰਦੀ ਹੈ ਤੇ ਸਿੱਖਾਂ ਦੇ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਨੂੰ ਇਹ ਵੀਰ (Hero) ਕਿਹੜੇ ਹਿਸਾਬ ਨਾਲ ਤੇ ਕਿਉਂ ਮੰਨਦੇ ਹਨ।

ਉਸ ਦਿਨ ਰਾਤੀਂ ਮੈਂ ਸੋਚਦਾ ਰਿਹਾ ਤੇ ਅਗਲੇ ਦਿਨ ਮੈਂ ਸੁਭਾਸ਼ ਨੂੰ ਜਾ ਚੈਲੰਜ ਕੀਤਾ ਕਿ ਤਿਆਰ ਹੋ ਜਾ ਅੱਜ ਤੇਰੀ ਖੈਰ ਨਹੀਂ। ਅੱਜ ਪੜ੍ਹਾਈ ਬਾਅਦ ਵਿਚ ਕਰਾਂਗੇ, ਪਹਿਲਾਂ ਕੱਲ੍ਹ ਵਾਲਾ ਉਹ ਤੁਹਾਡੇ ਵੀਰਾਂ (Heroes) ਵਾਲੇ ਮਸਲੇ ਦਾ ਹੱਲ ਕਰੀਏ, "ਉਹ

ਤਾਂ ਮੈਂ ਕੱਲ੍ਹ ਸਭ ਦੱਸ ਦਿੱਤਾ ਸੀ।ਜੇ ਕੋਈ ਸਪੱਸ਼ਟੀਕਰਨ ਦੀ ਲੋੜ ਹੈ ਤਾਂ ਹੋਰ ਵਿਚਾਰ ਕਰ ਲੈਂਦੇ ਹਾਂ।" ਸੁਭਾਸ਼ ਨੇ ਉਤਰ ਮੋੜਿਆ ਤੇ ਸਾਡੀ ਗੱਲਬਾਤ ਇਉਂ ਸ਼ੁਰੂ ਹੋਈ।

ਦਾਸ – ਕੀ ਸ਼ਿਵਾ ਜੀ ਤੇ ਮਹਾਰਾਣਾ ਪ੍ਰਤਾਪ ਜੀ ਦੀ ਕੋਈ ਲਿਖਤ, ਹਦਾਇਤ ਜਾਂ ਨਿਵੇਕਲੀ ਵਿਚਾਰਧਾਰਾ ਵੀ ਹੈ ਜੋ ਆਮ ਮਨੁਖ ਦੀ ਜ਼ਿੰਦਗੀ ਨੂ ਸੇਧ ਦਿੰਦੀ ਹੋਵੇ।

ਸੁਭਾਸ਼ – ਐਸੀ ਕੋਈ ਲਿਖਤ, ਹਦਾਇਤ ਜਾਂ ਵਿਚਾਰਧਾਰਾ ਬਾਰੇ ਮੈਨੂ ਕੋਈ ਪਤਾ ਨਹੀਂ ਹੈ।

ਦਾਸ – ਪਰ ਜੇ ਕੋਈ ਐਸੀ ਲਿਖਤ ਹਦਾਇਤ ਜਾਂ ਵਿਚਾਰਧਾਰਾ ਹੋਵੇ ਤਾਂ ਕੀ ਆਰ.ਐਸ ਐਸ. ਵਾਲੇ ਉਸ ਨੂ ਜਿਉਂ ਦਾ ਤਿਉਂ ਮੰਨ ਕੇ ਅਪਨਾਉਣਗੇ ਜਾਂ ਜਬਾਨੀ ਕਲਾਮੀ ਹੀ ਵੀਰ (Hero) ਮੰਨੀ ਜਾਣਗੇ।

ਸੁਭਾਸ਼ – ਸ਼ਿਵਾ ਜੀ ਤੇ ਮਹਾਰਾਣਾ ਪ੍ਰਤਾਪ ਜੀ ਨੂ ਅਸੀਂ ਆਪਣੇ ਵੀਰ (Hero) ਸਮਝਦੇ ਹਾਂ ਤੇ ਉਹ ਸਾਡੇ ਆਦਰਸ਼ ਹਨ। ਉਨ੍ਹਾਂ ਦੀ ਜੇ ਕੋਈ ਲਿਖਤ, ਹਦਾਇਤ ਜਾਂ ਵਿਚਾਰਧਾਰਾ ਹੋਵੇ ਤਾਂ ਅਸੀਂ ਉਸ ਨੂ ਸਤਿਕਾਰ ਸਹਿਤ ਅਪਣਾਵਾਂਗੇ।

ਦਾਸ – ਜੋ ਤੁਸੀਂ ਕਿਹਾ ਹੈ ਇਹ ਕੇਵਲ ਸ਼ਿਵਾ ਜੀ ਤੇ ਮਹਾਰਾਣਾ ਪ੍ਰਤਾਪ ਜੀ ਦੇ ਸੰਬੰਧ ਵਿਚ ਹੀ ਹੈ ਜਾਂ ਫਿਰ ਤੁਹਾਡੇ ਕਹੇ ਜਾਂਦੇ ਤੀਸਰੇ ਵੀਰ ਗੁਰੂ ਗੋਬਿੰਦ ਸਿੰਘ ਜੀ ਬਾਰੇ ਵੀ ਹੈ।

ਸੁਭਾਸ – ਅਸੀਂ ਤਿੰਨੇ ਵੀਰ (Heroes) ਬਰਾਬਰ ਸਮਝਦੇ ਹਾਂ।

ਦਾਸ – ਫਿਰ ਤੁਸੀਂ ਆਰ.ਐਸ.ਐਸ ਵਾਲੇ ਗੁਰੂ ਗੋਬਿੰਦ ਸਿੰਘ ਜੀ ਦੀ ਲਿਖਤ, ਹਦਾਇਤ ਤੇ ਵਿਚਾਰਧਾਰਾ ਨੂ ਮੰਨਣ ਤੇ ਅਪਨਾਉਣ ਲਈ ਤਿਆਰ ਹੋ।

ਸੁਭਾਸ – ਬਿਲਕੁਲ, ਪੂਰੀ ਤਰਾਂ।

ਦਾਸ – ਫੇਰ ਚੰਗੀ ਤਰ੍ਹਾਂ ਸੋਚ ਲੈ, ਆਪਣੇ ਪਿਤਾ ਤੇ ਆਪਣੇ ਸਾਥੀਆਂ ਤੋਂ ਪੁਛ ਲੈ।

ਸੁਭਾਸ – ਸਰਦਾਰ ਜੀ, ਇਹਦੇ ਵਿਚ ਸੋਚਣ ਤੇ ਪੁੱਛਣਵਾਲੀ ਕਿਹੜੀ ਗੱਲ ਹੈ? ਤੁਸੀਂ ਕਹਿਣਾ ਕੀ ਚਾਹੁੰਦੇਹੋ?

ਦਾਸ – ਦੇਖ ਪਿਆਰੇ, ਤੂੰਹੁਣ ਪੂਰੀ ਤਰ੍ਹਾਂ ਫੱਸ ਚੁਕਾ ਹੈਂ। ਹੁਣ ਮੈਂ ਕਹਾਂਗਾ ਤੇ ਪੁੱਛਾਂਗਾ। ਮੈਨੂ ਪੱਕਾ ਪਤਾ ਹੈ ਕਿ ਤੇਰੇ ਪਾਸ ਤੇ ਤੇਰੀ ਸੰਸਥਾ ਪਾਸ ਮੇਰੇ ਪ੍ਰਸ਼ਨ ਦਾ ਕੋਈ ਜਵਾਬ ਨਹੀਂ ਹੈ?

ਸੁਭਾਸ਼ – ਤੁਸੀਂ ਦੱਸਦੇ ਪੁੱਛਦੇਤਾਂ ਕੁਝ ਹੈ ਨਹੀਂ, ਐਂ ਵੇਹੀ ਗੱਲਾਂ ਕਰੀ ਜਾਂਦੇ ਹੋ।

ਦਾਸ – ਚੰਗਾ ਫਿਰ, ਸੁਣ ਧਿਆਨ ਨਾਲ – ਗੁਰੂ ਗੋਬਿੰਦ ਸਿੰਘ ਜੀ ਸਿੱਖ ਧਰਮ ਦੇ ਦਸਵੇਂ ਗੁਰੂ ਹਨ। ਉਨ੍ਹਾਂ ਦੀਆਂ ਲਿਖਤਾਂ, ਹਦਾਇਤਾਂ ਤੇ ਨਿਵੇਕਲੀ ਵਿਚਾਰਧਾਰਾ ਬੜੀ ਸਪੱਸ਼ਟ ਹੈ ਤੇ ਇਸ ਤੋਂ ਆਮ ਦੁਨੀਆ ਦੇ ਲੋਕ ਚੰਗੀ ਤਰ੍ਹਾਂ ਜਾਣੂ ਹਨ। ਅੰਮ੍ਰਿਤ ਛਕਾ ਕੇ ਖਾਲਸਾ ਪੰਥ ਦੀ ਸਿਰਜਣਾ ਗੁਰੂ ਗੋਬਿੰਦ ਸਿੰਘ ਜੀ ਨੇ ਤੇ ਕੇਵਲ ਗੁਰੂ ਗੋਬਿੰਦ ਸਿੰਘ ਜੀ ਨੇ ਹੀ ਕੀਤੀ ਹੈ ਤੇ ਇਸ ਤੋਂ ਮਨੁਕਰ ਨਹੀਂ ਹੋਇਆ ਜਾ ਸਕਦਾ। ਤੁਹਾਡੀ ਆਰ.ਐਸ.ਐਸ ਸੰਸਥਾ ਤੁਹਾਡੇ ਦੱਸਣ ਅਨੁਸਾਰ ਸੰਨ 1920 ਵਿਚ ਹੋਂਦ ਵਿਚ ਆਈ ਸੀ। ਜੇ ਗੁਰੂ ਗੋਬਿੰਦ ਸਿੰਘ ਜੀ ਤੁਹਾਡੇ ਵੀਰ (Hero) ਹਨ ਤੇ ਤੁਸੀਂ ਉਨ੍ਹਾਂ ਦੀ ਵਿਚਾਰਧਾਰਾ ਨੂ ਮੰਨਣ ਤੇ ਅਪਨਾਉਣ

ਲਈ ਤਿਆਰ ਹੋ ਤਾਂ ਮੈਨੂ ਇਹ ਦਸੋ ਕਿ 1920 ਤੋਂ ਲੈ ਕੇ 1980 ਤਕ (ਇਹ ਗੱਲਬਾਤ ਸੰਨ 1980 ਵਿਚ ਹੋਈ ਸੀ) 60 ਸਾਲਾਂ ਦੌਰਾਨ ਆਰ.ਐਸ.ਐਸ ਨੇ ਕਿਤਨੇ ਅੰਮ੍ਰਿਤ ਸੰਚਾਰ ਕੀਤੇ ਹਨ? ਤੇ ਜੇ ਹੁਣ ਤੱਕ ਕੋਈ ਇਕ ਵੀ ਅੰਮ੍ਰਿਤ ਸੰਚਾਰ ਨਹੀਂ ਕੀਤਾ ਤਾਂ ਗੁਰੂ ਗੋਬਿੰਦ ਸਿੰਘ ਜੀ ਨੂ ਤੁਸੀਂ ਅਸਲ ਰੂਪ ਵਿਚ ਵੀਰ (Hero) ਕਰਕੇ ਨਹੀਂ ਅਪਣਾਇਆ ਕੇਵਲ ਜ਼ਬਾਨੀ ਕਲਾਮੀ ਗੱਲਾਂ ਕਰਦੇ ਹੋ।

ਸੁਭਾਸ਼ – ਇਸਦੇ ਬਾਰੇ ਤਾਂ ਅਸਾਂ ਕਦੇ ਸੋਚਿਆ ਹੀ ਨਹੀਂ।

ਦਾਸ – ਹਾਂ, ਬਿਲਕੁਲ ਠੀਕ। ਅਸਲ ਵਿਚ ਤੁਸੀਂ ਕੇਵਲ ਸਿੱਖਾਂ ਨੂ ਗੁਮਰਾਹ ਕਰਨ ਲਈ ਗੁਰੂ ਗੋਬਿੰਦ ਸਿੰਘ ਜੀ ਨੂ ਆਪਣਾ ਵੀਰ (Hero) ਕਹਿੰਦੇ ਹੋ।ਉਂਝ ਗੁਰੂ ਗੋਬਿੰਦ ਸਿੰਘ ਜੀ ਦੀ ਖਾਲਸਾ ਵਿਚਾਰਧਾਰਾ ਨਾਲ ਤੁਹਾਡਾ ਕੋਈ ਲੈਣ ਦੇਣ ਨਹੀਂ ਹੈ ਸਗੋਂ ਤੁਸੀਂ ਤੇ ਤੁਹਾਡੀ ਸੰਸਥਾ ਆਰ.ਐਸ.ਐਸ ਗੁਰੂ ਗੋਬਿੰਦ ਸਿੰਘ ਜੀ ਦੀ ਖਾਲਸਾ ਵਿਚਾਰਧਾਰਾ ਦੀ ਸਖਤ ਵਿਰੋਧੀ ਹੈ।

ਸੁਭਾਸ਼ – ਮੈਨੂ ਕੁੰਝ ਸਮਝ ਨਹੀ ਆ ਰਹੀ।

ਦਾਸ – ਆਪਣੇ ਪਿਤਾ ਜੀ ਨਾਲ ਜਾਂ ਮੌਜੂਦਾ ਸੰਚਾਲਕ (ਉਸ ਵੇਲੇ ਬਾਲਾ ਜੀ ਦਿਓਰਸ) ਨਾਲ ਵਿਚਾਰ ਕਰਕੇ ਜਾਂ ਤਾਂ ਮੇਰੇ ਉਪਰੋਕਤ ਸੁਆਲ ਦਾ ਜਵਾਬ ਦੇਵੋ ਜਾਂ ਫਿਰ ਗੁਰੂ ਗੋਬਿੰਦ ਸਿੰਘ ਜੀ ਨੂ ਝੂਠੀ ਮੂਠੀ ਆਪਣਾ ਵੀਰ (Hero) ਕਹਿਣਾ ਬੰਦ ਕਰ ਦਿਓ।

(32 ਸਾਲ ਬੀਤੇ ਗਏ ਹਨ ਸੁਭਾਸ਼ ਅੱਜ ਤੱਕ ਮੇਰੇ ਪ੍ਰਸ਼ਨ ਦਾ ਉੱਤਰ ਨਹੀਂ ਦੇ ਸਕਿਆ)

## 23. ਅਧਿਆਪਕ ਮਹਾਨ

ਦੁਨੀਆਂ ਭਰ ਦੇ ਸਾਰੇ ਖੇਤਰਾਂ ਵਿੱਚ ਮਨੁਖੱਤਾ ਨੇ ਜੋ ਸਿਖਰਾਂ ਛੂਹਦੀਆਂਮੱਲਾਂ ਮਾਰੀਆਂ ਹਨ ਉਸਦਾ ਸਿਹਰਾ (Credit) ਅਧਿਆਪਕ ਨੂ ਜਾਂਦਾ ਹੈ। ਕਿਸੇ ਵੀ ਖੇਤਰ ਵਿੱਚ ਨਿਪੁੰਨਇਨਸਾਨ ਦੇ ਦਿਮਾਗ ਨੂ ਜਗਾਉਣ ਵਾਲਾ ਤੇ ਵਿਕਸਤ ਕਰਨ ਵਾਲਾ ਅਸਲ ਵਿਚ ਅਧਿਆਪਕ ਹੀ ਤਾਂ ਹੁੰਦਾਹੈ। ਮੈਂ ਨਿੱਜੀ ਤੌਰ ਤੇ ਅਧਿਆਪਕ ਦੇ ਸੌ-ਸੌ ਵਾਰੀ ਵਾਰਨੇ ਬਲਿਹਾਰਨੇ ਜਾਂਦਾ ਹਾਂ ਜੋ ਕੇਵਲ ਕੁਝ ਕੁ ਛਿੱਲੜਾਂ ਬਦਲੇ ਬੱਚੇ ਦੇ ਦਿਲ ਦਿਮਾਗ ਦੀਆਂ ਜੋਤਾਂ ਲੱਟ-ਲੱਟ ਜਗਾ ਦਿੰਦਾ ਹੈ। ਇਹ ਠੀਕ ਹੈ ਕਿ ਸਾਡੇ ਸਮਾਜ ਅੰਦਰ ਬੱਚੇ ਦੀ ਪਾਲਣਾ ਪੋਸ਼ਣਾ ਵਿਚ ਮਾਤਾ-ਪਿਤਾ ਦਾ ਵੱਡਾ ਹੱਥ ਹੁੰਦਾਹੈ, ਇਸ ਦੇ ਬਦਲੇ ਵਿਚ ਭਾਵੇਂ ਉਹ ਕੋਈ ਤਨਖਾਹ ਨਹੀਂ ਲੈਂਦੇ ਫਿਰ ਵੀ ਬੱਚੇ ਤੋਂ ਉਹਨਾਂ ਨੂ ਜ਼ਿੰਦਗੀ ਭਰ ਬੜੀਆਂ ਵੱਡੀਆਂ ਆਸਾਂ ਰਹਿੰਦੀਆਂ ਹਨ। ਪਰ ਅਧਿਆਪਕ ਬੱਚੇ ਨੂ ਪੜ੍ਹਾਉਣ ਤੋਂ ਬਾਅਦ ਕੇਵਲ ਉਸ ਨੂ ਖੁਸ਼ਹਾਲ ਦੇਖਣ ਤੋਂ ਬਿਨਾਂ ਕੋਈ ਆਸ/ਅਧਿਕਾਰ ਨਹੀਂ ਰੱਖਦਾ ਹੈ। ਮੈਂ ਸਮਝਦਾ ਹਾਂ ਕਿ ਅਧਿਆਪਕ ਧੰਨ ਹੈ, ਅਧਿਆਪਕ ਦੀ ਦਿੱਤੀ 'ਦੇਣ' ਅਸੀਂ ਕਦੇ ਵੀ ਨਹੀਂ ਦੇ ਸਕਦੇ।

ਅਧਿਆਪਕ ਮਿੱਤਰੋ, ਅਧਿਆਪਨ ਕਿਰਤ ਦੁਨੀਆਂ ਦੀਆਂ ਸਭ ਕਿਰਤਾਂ ਤੋਂ ਉੱਤਮ ਕਿਰਤ ਹੈ। ਇੰਜੀਨੀਅਰ 'ਮਿੱਟੀ' ਜੜ੍ਹ ਨਾਲ ਖੇਡਦਾ ਹੈ, ਜਿਵੇਂ ਮਰਜ਼ੀ ਤੋੜ ਫੋੜ ਕਰ ਲਵੇ ਕੋਈ ਫਰਕ ਨਹੀਂ ਪੈਂਦਾ। ਡਾਕਟਰ ਦਾ ਸੰਬੰਧ ਉਸ ਸਰੀਰ ਨਾਲ ਹੈ ਜਿਸ ਵਿਚ ਜਾਨ ਹੈ, ਚੇਤਨਾ ਹੈ, ਪ੍ਰਾਣ ਹੈ। ਜਾਨ, ਪ੍ਰਾਣ, ਚੇਤਨਾ ਨੂ ਬਰਕਰਾਰ ਰੱਖਣ ਲਈ ਡਾਕਟਰ ਸਰੀਰ ਨਾਲ ਮਨ ਮਰਜ਼ੀ

ਨਹੀਂ ਕਰ ਸਕਦਾ। ਫਿਰ ਵੀ ਡਾਕਟਰ ਦਾ ਕਾਰਜ ਖੇਤਰ ਕੇਵਲ ਸਰੀਰ ਤੱਕ ਸੀਮਤ ਹੈ। ਪਰ ਅਧਿਆਪਕ ਨੇ ਚੇਤਨਾ ਦੀਆਂ ਸੁੱਤੀਆਂਕਲਾਂ ਨੂ ਜੰਗਾਉਣਾ ਹੁੰਦਾਹੈ ਤੇ ਇਸੇ ਲਈ ਉਸਦਾ ਕੰਮ ਡਾਢਾ ਔਖਾ ਤੇ ਬਰੀਕੀ ਵਾਲਾ ਹੈ। ਕੰਪਿਊਟਰ ਭਾਸ਼ਾ ਵਿਚ ਅਧਿਆਪਕ ਨੇ ਇਨਸਾਨੀ ਮਨ ਅਤੇ ਦਿਮਾਗ ਵਾਸਤੇ ਸੋਫਟਵੇਅਰ ਤਿਆਰ ਕਰਕੇ ਇਨਸਟਾਲ ਕਰਨੇ ਹੁੰਦੇਹਨ ਅਤੇ ਇਹ ਕਿਰਿਆ ਉਸਨੇ ਕਿਸੇ ਇਲੈਕਟ੍ਰਿਕ ਕ੍ਰੰਟਨਾਲ ਨਹੀਂ ਕਰਨੀ ਹੁੰਦੀਸਗੋਂ ਆਪਣੇ ਵਿਚਾਰਾਂ ਤੇ ਭਾਵਾਂ ਨੂ ਬੱਚੇ ਦੇ ਦਿਮਾਗ ਵਿਚ ਪ੍ਰਵੇਸ਼ ਕਰਨਾ ਕਰਾਉਣਾ ਹੁੰਦਾਹੈ। ਇਸ ਵਾਸਤੇ ਬੱਚੇ ਦਾ ਦਿਲ ਦਿਮਾਗ ਤੇ ਮਨ ਕੇਵਲ ਕਲਾਸ ਵਿਚ ਦਿੱਤੇ ਭਾਸ਼ਣ ਨੂੰ ਹੀ ਸਵੀਕਾਰ ਨਹੀਂ ਕਰਦਾ ਸਗੋਂ ਅਧਿਆਪਕ ਦੇ ਸਮੁਚੇ ਜੀਵਨ ਨੂੰ ਨਕਲੋ-ਹਰਕਤ ਕਰਦਾ ਹੈ। ਰੂਸ ਦੇਸ਼ ਦੇ ਇਕ ਅਧਿਆਪਕ ਦੀ ਸੋਚ ਦੀ ਕਹਾਣੀ ਹੈ:- ਇੱਕ ਅਧਿਆਪਕ ਅਤੇ ਉਸਦਾ ਇਕ ਹੋਰ ਸਾਥੀ ਪੈਦਲ ਸਫਰ ਤੇ ਸਨ ਤੇ ਆਪਸ ਵਿਚ ਗੱਲਬਾਤ ਕਰ ਰਹੇ ਸਨ ਕਿ ਸ਼ਹਿਰ ਪੀਟਰਬਰਗ ਇਥੋਂ ਥੋੜ੍ਹੀ ਦੂਰ ਹੀ ਹੈ, ਉਹਨਾਂ ਦੇ ਪਿੱਛੇ ਇਕ ਅੰਨ੍ਹਾ ਆਦਮੀ ਇਹ ਗੱਲਬਾਤ ਸੁਣ ਰਿਹਾ ਸੀ, ਉਸਨੇ ਮਨ ਵਿਚ ਸੋਚਿਆ ਕਿ ਇਹਨਾਂ ਦੇ ਪਿੱਛੇ ਤੁਰਿਆ ਜਾਂਦਾ ਹਾਂ ਤੇ ਪੀਟਰਬਰਗ ਪਹੁੰਚਜਾਵਾਂਗਾ। ਪਰ ਰਸਤੇ ਵਿਚ ਜਾਂਦਿਆਂ-ਜਾਂਦਿਆਂ ਉਹਨਾਂ ਨੇ ਆਪਣਾ ਰਸਤਾ ਬਦਲ ਲਿਆ। ਜਦ ਉਹ ਕਿਸੇ ਹੋਰ ਸ਼ਹਿਰ ਪਹੁੰਚਗਏ ਤੇ ਆਲੇ-ਦੁਆਲੇ ਦੀਆਂ ਅਵਾਜ਼ਾਂ ਸੁਣਾਈ ਦੇਣ ਲੱਗੀਆਂ, ਤਾਂ ਉਸ ਅੰਨ੍ਹੇ ਆਦਮੀ ਨੇ ਪੁਛਿਆ, “ਜੀ ਪੀਟਰਬਰਗ ਪਹੁੰਚਗਏ ਹਾਂ” , ਅਧਿਆਪਕ ਨੇ ਹੈਰਾਨ ਹੋ ਕੇ ਕਿਹਾ ਨਹੀਂ ਜੀ ਇਹ ਪੀਟਰਬਰਗ ਨਹੀਂ ਹੈ। ਅੰਨ੍ਹੇ ਆਦਮੀ ਨੇ ਕਿਹਾ ਕਿ ਮੈਂ ਤਾਂ ਤੁਹਾਡੇ ਤੋਂ ਸੁਣ ਕੇ ਕਿ ਤੁਸੀਂ ਪੀਟਰਬਰਗ ਜਾਣਾ ਹੈ, ਤੁਹਾਡੇ ਪਿੱਛੇ ਚੁਪਚਾਪ ਤੁਰਿਆ ਆਇਆ ਹਾਂ। ਉਸ ਅਧਿਆਪਕ ਨੂੰ ਇਸ ਗੱਲ ਦਾ ਬਹੁਤ ਦੁੱਖਹੋਇਆ ਤੇ ਉਸਨੇ ਕਿਹਾ ਕਿ **Students are following their Teacher blindly like this gentleman, therefore a teacher should remain alert not only in the class but even outside the class so that someone may not be misled at his indication.**

ਬੱਚੇ ਦਾ ਅਧਿਆਪਕ ਤੇ ਅਤੁੱਟਵਿਸ਼ਵਾਸ਼ ਹੈ। ਜੋ ਅਧਿਆਪਕ ਕਹਿੰਦਾ ਹੈ, ਉਹ ਪੱਥਰ ਤੇ ਲਕੀਰ ਹੈ ਅਤੇ ਇਸ ਦੇ ਉਲਟ ਸਭ ਗਲਤ ਹੈ। ਮੈਂ ਆਪਣੀ ਨਿਜੀ ਗੱਲ ਸੁਣਾਉਂਦਾ ਹਾਂ। ਮੇਰਾ ਛੋਟਾ ਬੇਟਾ ਨਰਸਰੀ ਜਾਂ ਸ਼ਾਇਦ Lower KG ਵਿਚ ਪੜ੍ਹਦਾ ਸੀ। ਇੱਕ ਦਿਨ ਮੈਂ ਐਵੇਂ ਹੀ ਉਸਦੀ ਗਣਿਤ ਦੀ ਨੋਟ ਬੁੱਕਦੇਖ ਰਿਹਾ ਸੀ, ਕਿਤੇ ਉਸਨੇ 3+5=7 ਲਿਖਿਆ ਸੀ ਤੇ ਸਕੂਲ ਟੀਚਰ ਨੇ ਉਸ ਤੇ ਸਹੀ ਲਗਾਈ ਹੋਈ ਸੀ। ਮੈਂ ਬੇਟੇ ਨੂੰ ਬੁਲਾ ਕੇ ਕਿਹਾ ਪੁੱਤਰ3+5=8 ਹੁੰਦਾਹੈ, ਇਥੇ ਤੇਰੀ ਗਲਤੀ ਹੈ। ਮੇਰਾ ਤਾਂ ਮੇਰੀ ਮੈਡਮ ਨੇ ਠੀਕ ਕੀਤਾ ਹੋਇਆ ਹੈ, ਤੁਸੀਂ ਗਲਤ ਹੋ। ਰਸੋਈ ਵਿਚੋਂ ਆਪਣੀ ਮੰਮੀ ਨੂੰ ਬੁਲਾ ਲਿਆ ਤੇ ਤੋਤਲੀ ਜ਼ੁਬਾਨ ਵਿਚ ਬੋਲਿਆ, ਮੰਮੀ-ਮੰਮੀ ਦੇਖੀਂ; ਵੱਡੀ Ph.D ਕੀਤੀ ਹੈ 3 + 5 ਵੀ ਨਹੀਂ ਆਉਂਦਾ। ਮੈਂ ਤੇ ਮੇਰੀ ਪਤਨੀ ਇਕ ਦਮ ਚੁੱਪਤੇ ਹੈਰਾਨ ਹੋ ਗਏ। ਸਕੂਲ ਜਦੋਂ ਮੈਡਮ ਨੇ ਕਿਹਾ ਮੇਰੇ ਕੋਲੋਂ ਗਲਤ ਸਹੀ ਲੱਗ ਗਈ ਹੈ, 3+5=8 ਹੁੰਦਾਹੈ, ਤਾਂ ਕਿਤੇ ਜਾ ਕੇ ਮੰਨਿਆ। ਸ਼ਾਮ ਨੂ ਮੈਂ ਕਿਹਾ ਫਿਰ ਤੇਰੀ ਮੈਡਮ ਗਲਤ ਸੀ ਨਾ, ਇੱਕ ਦਮ ਕੜਕ ਬੋਲਿਆ, ਬਿਲਕੁਲ ਨਹੀਂ, ਉਹਨਾਂ ਨੇ ਕਿਹਾ ਸੀ ਸਹੀ ਗਲਤੀ ਨਾਲ ਲੱਗ ਗਈ ਹੈ। ਦੇਖੋ ਬੱਚੇ ਦਾ ਅਧਿਆਪਕ ਪ੍ਰਤੀ ਵਿਸ਼ਵਾਸ਼। ਇਕ ਹੋਰ ਪਿਛਲੇ ਸਾਲ ਵਾਪਰੀ ਗੱਲ। ਇਕ ਬੱਚਾ ਰੋਜ਼ ਸਕੂਲ ਤੋਂ ਆ ਕੇ ਬੈਗ ਸੁੱਟਕੇ ਖੇਡਣ ਭੱਜ ਜਾਂਦਾ ਸੀ। ਉਸਦੀ ਮਾਤਾ ਸਾਈਕਾਲੋਜੀ ਵਿਸ਼ੇ ਵਿਚ ਕਾਲਜ ਅਧਿਆਪਕ ਅਤੇ ਡੈਡੀ ਬਹੁਤ ਮੰਨਿਆ ਪ੍ਰਮੰਨਿਆ ਡਾਕਟਰ। ਮਾਤਾ–ਪਿਤਾ ਨੇ ਬੱਚੇ ਨੂੰ ਲੱਖ ਸਮਝਾਇਆ, ਪਿਆਰ ਨਾਲ, ਗੁੱਸੇਨਾਲ, ਆਪਣੇ ਹੋਰਾਂ ਨਜ਼ਦੀਕੀਆਂ ਤੋਂ ਵੀ ਯਤਨ ਕਰਵਾ ਵੇਖਿਆ ਕਿ ਪੁੱਤਰਕੁਝ ਖਾ ਪੀ ਕੇ ਥੋੜ੍ਹਾਆਰਾਮ ਕਰਕੇ, ਖੇਡਣ ਜਾਇਆ ਕਰ, ਪਰ ਬੱਚਾ ਬਿਲਕੁਲ ਨਹੀਂ ਮੰਨਿਆ। ਇਥੋਂ ਤਕ ਕਿ ਉਹਨਾਂ ਨੇ ਸਾਈਕੋਲੋਜਿਸਟ ਦੀ ਸਾਲਾਹ ਵੀ ਲਈ, ਪਰ ਕੋਈ ਫਾਇਦਾ ਨਹੀਂ। ਇਕ ਦਿਨ ਮੰਮੀ ਕਾਲਜੋਂ ਆਉਂਦੀ ਹੈ, ਕੀ ਦੇਖਦੀ ਹੈ ਕਿ ਬੱਚਾ ਗੂੜ੍ਹੀ ਨੀਂਦ ਸੌਂ ਰਿਹਾ ਹੈ। ਨੌਕਰ ਨੇ

ਦਸਿਆ, ਪਹਿਲਾਂ ਰਸੋਈ ਵਿਚ ਜਾ ਕੇ ਖਾਣਾ ਖਾਧਾ ਹੈ ਤੇ ਫਿਰ ਸੌਂ ਗਿਆ ਹੈ। ਮਾਂ ਨੂੰ ਹੁਣ ਚਿੰਤਾ ਹੋ ਰਹੀ ਹੈ, ਬੱਚਾ ਠੀਕ ਤਾਂ ਹੈ, ਕੀ ਗੱਲ ਹੈ, ਅੱਜ ਕਿਵੇਂ ਖਾਣਾ ਖਾ ਕੇ ਸੌਂ ਗਿਆ। ਮੋਹ ਤੇ ਚਿੰਤਾ ਦੀ ਮਾਰੀ ਮਾਂ ਨੇ ਉੱਚੀ ਆਵਾਜ਼ ਮਾਰ ਕੇ ਜਗਾਇਆ, ਪੁੱਤਰ ਖੇਲਣ ਨਹੀਂ ਜਾਣਾ। ਜਾਣਾ ਹੈ ਪਹਿਲੇ ਮੈਨੂੰ ਸੌਣ ਦਿਉ। ਬਾਅਦ ਵਿਚ ਬੱਚੇ ਨੇ ਦਸਿਆ, ਮੇਰੀ ਮੈਡਮ ਕਹਿੰਦੀ ਸੀ First eat, go to sleep, then play. ਅਧਿਆਪਕ ਦੀ ਹਰ ਗੱਲ ਬੱਚੇ ਲਈ ਰੱਬੀ ਹੁਕਮ ਹੁੰਦਾਹੈ। ਜੋ ਉਸਨੇ ਜ਼ਰੂਰੀ ਮੰਨਣਾ ਹੁੰਦਾਹੈ। ਅਧਿਆਪਕ ਕਲਾਸ ਵਿਚ King ਹੁੰਦਾਹੈ। ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਜਦ ਔਰੰਗਜ਼ੇਬ ਨੇ ਬਾਦਸ਼ਾਹ ਸ਼ਾਹਜਹਾਨ ਨੂੰ ਕੈਦ ਕਰ ਲਿਆ ਸੀ ਤਾਂ ਸ਼ਾਹਜਹਾਨ ਨੇ ਕੁਝ ਬੱਚਿਆਂ ਨੂੰ ਪੜ੍ਹਾਉਣ ਦੀ ਆਗਿਆ ਮੰਗੀ ਸੀ। ਔਰੰਗਜ਼ੇਬ ਨੇ ਇਹ ਕਹਿ ਕੇ ਇਨਕਾਰ ਕਰ ਦਿਤਾ ਸੀ ਕਿ ਇਸ ਤਰ੍ਹਾਂ ਨਾਲ ਇਹਨਾਂ ਨੂੰ ਕੈਦ ਵਿਚ ਵੀ ਬਾਦਸ਼ਾਹਤ ਵਰਗਾ ਅਨੁਭਵ ਹੁੰਦਾ ਰਹੇਗਾ।

ਪਰ ਪਿਆਰੇ ਅਧਿਆਪਕ ਦੋਸਤੋ ਅੱਜ ਸਾਡਾ ਵਿਦਿਅਕ ਢਾਂਚਾ ਤਹਿਸ ਨਹਿਸ ਹੋ ਚੁੱਕਾਹੈ। ਬੇਸ਼ਕ ਇਸ ਵਾਸਤੇ ਅਸੀਂ ਸਾਰੇ, ਸਮਾਜ, ਸਰਕਾਰ, ਪ੍ਰਬੰਧਕ, ਮਾਪੇ, ਅਧਿਆਪਕ, ਵਿਦਿਆਰਥੀ, ਜ਼ਿੰਮੇਵਾਰੀ ਤੋਂ ਭੱਜਦੇ ਹਾਂ ਤੇ ਇਕ ਦੂਜੇ ਨੂੰ ਦੋਸ਼ੀ ਠਹਿਰਾਉਂਦੇ ਹਾਂ। ਪਰ ਮੈਂ ਤੁਹਾਨੂੰ ਅੰਤੀ ਨਿਮਰਤਾ ਸਹਿਤ ਪੁੱਛਦਾਹਾਂ ਕਿ ਕਲਾਸ ਵਿਚ ਅਧਿਆਪਕ ਤੇ ਵਿਦਿਆਰਥੀਆਂ ਵਿਚਕਾਰ ਕੋਈ ਨਹੀਂ ਹੁੰਦਾ ਉਥੇ ਤੁਹਾਨੂੰ ਪੜ੍ਹਾਉਣ ਤੋਂ ਕੌਣ ਮਨ੍ਹਾ ਕਰਦਾ ਹੈ? ਤੁਹਾਨੂੰ ਪੜ੍ਹਾਉਣ ਅਤੇ ਆਪਣਾ ਗਿਆਨ ਵਧਾਉਣ (ਜੋ ਕਿ ਅਧਿਆਪਕ ਲਈ ਬਹੁਤ ਜਰੂਰੀ ਹੈ) ਦੁਨੀਆਂ ਦੀ ਕੋਈ ਤਾਕਤ ਨਹੀਂ ਰੋਕ ਸਕਦੀ। ਸਾਨੂੰ ਅਧਿਆਪਕਾਂ ਨੂੰ ਇਹ ਮੰਨ ਲੈਣਾ ਚਾਹੀਦਾ ਹੈ ਕਿ ਵਿਦਿਅਕ ਖੇਤਰ ਵਿਚ ਆਏ ਨਿਘਾਰ ਲਈ ਅਸੀਂ ਆਪ ਹੀ ਮੁੱਖਤੌਰ ਤੇ ਜਿੰਮੇਵਾਰ ਹਾਂ। ਇਸ ਸਾਰੀ ਪ੍ਰਕ੍ਰਿਆ ਵਿਚ ਵਿਦਿਆਰਥੀ ਤੇ ਮਾਪਿਆਂ ਨੂੰ ਦੋਸ਼ ਨਹੀਂ ਦੇਣਾ ਚਾਹੀਦਾ। ਮਾਪਿਆਂ ਦੀ ਇਕੋ ਇਕ ਖਾਹਿਸ਼ ਹੁੰਦੀਹੈ ਕਿ ਸਾਡੇ ਬੱਚੇ ਜ਼ਿੰਦਗੀ ਵਿਚ ਕਾਮਯਾਬ ਹੋਣ। ਜਦੋਂ ਅਧਿਆਪਕ ਵੱਲੋਂ ਕੁਤਾਹੀ ਹੁੰਦੀਹੈ ਤੇ ਉਹ ਅਣਜਾਣੇ ਵਿਚ ਗਲਤ ਤਰੀਕੇ ਅਪਣਾਉਣ ਦਾ ਯਤਨ ਕਰਦੇ ਹਨ, ਤੇ ਜੋ ਗਲਤ ਤਰੀਕੇ ਅਪਣਾਉਂਦੇ ਹਨ, ਉਹ ਵੀ ਤਾਂ ਅਧਿਆਪਕ ਦੇ ਰਾਹੀਂ ਹੀ ਅਪਣਾਉਂਦੇ ਹਨ। ਜੇ ਅਧਿਆਪਕ ਠੀਕ ਪੜ੍ਹਾਉਣਤੇ ਗਲਤ ਕੰਮ ਨਾ ਕਰਨ ਲਈ ਡੱਟ ਜਾਣ ਤਾਂ ਮਾਪੇ ਕੁਝ ਨਹੀਂ ਕਰ ਸਕਦੇ। ਜੇ ਬੱਚੇ ਅਧਿਆਪਕ ਨਾਲ ਦੁਰ-ਵਿਵਹਾਰ ਕਰਦੇ ਹਨ ਤੇ ਇੱਜ਼ਤ ਨਹੀਂ ਕਰਦੇ ਤਾਂ ਇਸ ਵਿਚ ਵੀ ਅਧਿਆਪਕ ਦਾ ਹੀ ਕਸੂਰ ਹੈ। ਜੇ ਅਧਿਆਪਕ ਸਹੀ ਹੈ ਤਾਂ ਬੱਚੇ ਦੁਰ ਵਿਵਹਾਰ ਕਰ ਹੀ ਨਹੀਂ ਸਕਦੇ। ਮੈਨੂੰ ਇਹ ਕਹਿਣ ਵਿਚ ਜ਼ਰਾ ਵੀ ਸੰਕੋਚ ਨਹੀਂ ਕਿ ਕਿਸੇ ਅਧਿਆਪਕ ਦੇ ਪੜ੍ਹਾਏ ਬੱਚਿਆਂ ਦਾ ਦੁਰ ਵਿਵਹਾਰ ਕਰਨਾ ਤਾਂ ਇਕ ਪਾਸੇ, ਉਹਨਾਂ ਦੇ ਮਨਾਂ ਵਿਚ ਵੀ ਜੇ ਇਹ ਵਿਚਾਰ ਆਉਂਦਾ ਹੈ, ਤਾਂ ਉਹ ਅਧਿਆਪਕ ਹੀ ਕੀ ਹੋਇਆ, ਉਸਨੂੰ ਅਧਿਆਪਕੀ ਕਿੱਤਾ ਛੱਡ ਕੇ ਕੋਈ ਹੋਰ ਕੰਮ ਕਰ ਲੈਣਾ ਚਾਹੀਦਾ ਹੈ। ਅਧਿਆਪਕ ਉਹ ਹੈ ਜਿਸਦੇ ਪੜ੍ਹਾਉਣ ਨਾਲ ਇਕ ਹਫਤੇ ਦੇ ਅੰਦਰ-ਅੰਦਰ ਬੱਚਿਆਂ ਦਾ ਉਸਨੂੰ 'ਸਤਿ ਸ੍ਰੀ ਅਕਾਲ' ਬੁਲਾਉਣ ਦਾ ਅੰਦਾਜ ਬਦਲ ਜਾਵੇ ਤੇ ਪਿੱਛੋਂ ਕੋਈ ਕਿਤੇ ਇਸ ਅਧਿਆਪਕ ਦਾ ਨਾਮ ਲਵੇ ਤਾਂ ਐਸੇ ਅਧਿਆਪਕ ਦਾ ਨਾਮ ਸੁਣਦੇ ਹੀ ਵਿਦਿਆਰਥੀ ਦੇ ਚਿਹਰੇ ਤੇ ਆਪਣੇ ਅਧਿਆਪਕ ਪ੍ਰਤੀ ਸ਼ਰਧਾ ਦੀ ਝਲਕ ਹੋਵੇ।

ਵੱਡਿਓ! ਭਾਂਵੇਂ ਤੁਹਾਨੂੰ ਮੇਰੀ ਗੱਲ ਬੁਰੀ ਲੱਗੇ ਪਰ ਅਸਲੀਅਤ ਇਹ ਹੈ ਕਿ ਕਾਰਨ ਕੋਈ ਵੀ ਹੋਵੇ, ਮਸਲਾ ਕੋਈ ਵੀ ਹੋਵੇ, ਬੱਚਿਆਂ ਦਾ ਕਦੇ ਕੋਈ ਕਸੂਰ ਨਹੀਂ ਹੁੰਦਾ ਕਸੂਰਵਾਰ ਹਮੇਸ਼ਾ ਵੱਡੇ ਹੀ ਹੁੰਦੇਹਨ, ਸੋ ਵੱਡਿਓ, ਆਪਣੇ ਆਪ ਨੂੰ ਸੁਧਾਰਨ ਦਾ ਯਤਨ ਕਰੋ।

ਇਕ ਅਧਿਆਪਕ ਦੀ ਤਨਖਾਹ ਕੇਵਲ ਉਹੀ ਨਹੀਂ ਜੋ ਉਸਨੂ ੰਹਰ ਮਹੀਨੇ ਬਾਅਦ ਪੈਸੇ ਦੇ ਰੂਪ ਵਿਚ ਜੀਵਨ ਨਿਰਬਾਹ ਚਲਾਉਣ ਲਈ ਮਿਲਦੀ ਹੈ। ਅਸਲ ਤਨਖਾਹ ਹੈ- ਜਦ ਉਹ ਪੜ੍ਹਾਉਂਦਾ ਹੈ ਤੇ ਉਸਦੇ ਵਿਚਾਰ ਬੱਚਿਆਂ ਦੇ ਮਨਾਂ ਨੂ ਧੁਰ ਅੰਦਰੋਂ ਟੁੰਬਦੇਹਨ ਤੇ ਫਲਸਰੂਪ ਬੱਚਿਆਂ ਦੇ ਚਿਹਰਿਆਂ ਤੇ ਖੇੜਾ (Glow) ਆਉਂਦਾ ਹੈ। ਇਹ ਖੇੜਾ ਐਸੇ ਅਧਿਆਪਕ ਦੀ ਕੇਵਲ ਤਨਖਾਹ ਹੀ ਨਹੀਂ ਸਗੋਂ ਉਸ ਵਾਸਤੇ ਅਸੀਮ ਆਨੰਦ (Enjoyment) ਵੀ ਹੁੰਦਾ ਹੈ। ਐਸੇ ਅਧਿਆਪਕ ਨੂ ਕੰਲੱਬਾਂ, ਥਿਏਟਰਾਂ ਵਿਚ Enjoyment ਲੱਭਣ ਦਾ ਨਿਸਫਲ ਯਤਨ ਕਰਨ ਦੀ ਲੋੜ ਨਹੀਂ ਹੁੰਦੀ ਜਦੋਂ ਅਧਿਆਪਕ ਕਲਾਸ ਵਿਚੋਂ ਬਾਹਰ ਆਉਂਦਾ ਹੈ ਤਾਂ ਉਸਨੂ ਬੰੜਾ ਸਪੱਸ਼ਟ ਅਹਿਸਾਸ ਹੁੰਦਾ ਹੈ :- ਅੱਜ ਤਨਖਾਹ ਮਿਲੀ ਹੈ ਕਿ ਨਹੀਂ।

ਬੱਚਿਆਂ ਦੇ ਭੋਲੇ ਭਾਲੇ ਚਿਹਰੇ ਫੁੱਲਾਂ ਵਾਂਗ ਹੁੰਦੇ ਹਨ। ਅਧਿਆਪਕ ਰੋਜ਼ਾਨਾ ਇਹਨਾਂ ਫੁੱਲਾਂ ਨਾਲ ਖੇਡਦਾ ਹੈ, ਪਿਆਰਦਾ ਹੈ, ਵਿਗਸਦਾ ਹੈ ਤੇ ਵਿਗਸਾਉਂਦਾ ਹੈ। ਡਾਕਟਰ ਦੇਖੋ, ਸਾਰੀ ਉਮਰ ਵਾਹ ਰੋਗੀਆਂ ਨਾਲ ਤੇ ਦੁਖੀਆਂ ਨਾਲ। ਪੁਲਿਸ ਅਫਸਰ ਦੇਖੋ, ਵਾਹ ਚੋਰਾਂ, ਠੱਗਾਂ, ਗੁੰਡਿਆਂ ਮੁਸ਼ਟੰਡਿਆਂ ਤੇ ਗੁਨਾਹਗਾਰਾਂ ਨਾਲ। ਜੱਜ, ਵਕੀਲ ਦੇਖੋ, ਵਾਹ ਦੋਸ਼ੀਆਂ ਨਾਲ। ਜ਼ਰਾ ਸੋਚੋ, ਤੁਸੀਂ ਬਹੁਤ ਕਿਸਮਤ ਵਾਲੇ ਹੋ। ਤੁਸੀਂ ਹੁਣ ਚੰਗੇ ਹੋ, ਤੁਹਾਡਾ ਅੱਗਾ ਵੀ ਚੰਗਾ ਹੋਵੇਗਾ। ਦੇਖਿਓ ਕਿਤੇ ਇਸ ਪਵਿੱਤਰਤਾ ਵਿਚ ਜ਼ਹਿਰ ਨਾ ਘੋਲ ਬੈਠਿਓ। ਆਪਣੇ ਪੈਰੀਂ ਆਪ ਹੀ ਕੁਹਾੜਾ ਨਾ ਮਾਰ ਲਿਉ। ਤੁਸੀਂ ਆਪਣੀ ਉਚਤਾ ਤੇ ਸੁਚਤਾ ਕਰਕੇ ਰੱਬ ਦੇ ਬਹੁਤ ਨੇੜੇ ਹੋ। ਜੇ ਥੋੜਾ ਜਿਹਾ ਹੋਰ ਹੰਭਲਾ ਮਾਰ ਕੇ ਹਉਮੈ ਤੋਂ ਬਚ ਜਾਉ ਤਾਂ ਤੁਹਾਡੇ ਤੇ ਪ੍ਰਮਾਤਮਾ ਵਿੱਚ ਕੋਈ ਫਰਕ ਨਹੀਂ ਰਹਿ ਜਾਵੇਗਾ।

ਪਿਛਲੀ ਸਦੀ ਦੇ ਕੁਝ ਅਧਿਆਪਕਾਂ ਦੀਆਂ ਗੱਲਾਂ ਕਰਨੀਆਂ ਵੀ ਜਰੂਰੀ ਹਨ।

1. ਮੇਰੇ ਇਕ ਮਿੱਤਰ ਹਨ ਸੀ.ਪੀ. ਸਿੰਘ। ਪੂਰਾ ਨਾਮ ਚਰਨਪਾਲ ਸਿੰਘ ਹੈ। ਫਿਜ਼ਿਕਸ ਦੇ ਪ੍ਰੋਫੈਸਰ ਰਹੇ ਹਨ। ਸੰਨ 1979 ਵਿਚ ਅਸੀਂ ਦੋਵੇਂ M.Phil ਕਰਨ ਲਈ ਸਰਕਾਰ ਵੱਲੋਂ ਭੇਜੇ ਗਏ ਸਾਂ। ਮੈਂ ਜੰਮੂ ਯੂਨੀਵਰਸਿਟੀ ਅਤੇ ਉਹ ਪੰਜਾਬ ਯੂਨੀਵਰਸਿਟੀ। ਇੱਕ ਸਾਲ ਬਾਅਦ ਅਸੀਂ ਮਿਲੇ। M.Phil. complete ਹੋਣ ਤੇ ਸਾਨੂ ਦੋਂਨਾਂ ਨੂ ਂPh.D ਕਰਨ ਵਾਸਤੇ ਦੋਬਾਰਾ ਚੁਣ ਲਿਆ ਗਿਆ ਸੀ। ਮੈਨੂ ਪੰਤਾ ਲਗਾ ਕਿ ਕਾਲਜ ਜਿੱਥੇ ਅਸੀਂ ਪੜ੍ਹਾਉਂਦੇ ਸਾਂ, ਸਾਡੀ ਥਾਂ ਤੇ ਹੋਰ ਟੀਚਰ ਦਾ ਯੋਗ ਪ੍ਰਬੰਧ ਨਾ ਕੀਤਾ ਜਾ ਸਕਿਆ। ਸੀ.ਪੀ. ਸਿੰਘ ਹਰ ਐਤਵਾਰ ਨੂ ਵਿੰਦਿਆਰਥੀਆਂ ਨੂ ਆਂਪਣੇ ਘਰ ਬੁਲਾਉਂਦੇ ਤੇ ਸਾਰਾ ਦਿਨ ਪੜ੍ਹਾਉਂਦੇ। ਜਿਹੜੀਆਂ ਕਲਾਸਾਂ ਵਿਚ ਗਿਣਤੀ ਵੱਧ ਸੀ ਉਸ ਵਾਸਤੇ ਨੇੜੇ ਦੇ ਸਕੂਲ ਦਾ ਕਮਰਾ ਮੰਗ ਕੇ ਪੜਾਉਂਦੇ। ਵਿਦਿਆਰਥੀਆਂ ਦੀ ਪੜ੍ਹਾਈ ਦਾ ਇਸ ਪ੍ਰੋਫੈਸਰ ਨੇ ਕੋਈ ਨੁਕਸਾਨ ਨਾ ਹੋਣ ਦਿੱਤਾ। ਹੁਣ ਉਹ ਮੈਨੂ ਕੰਹਿ ਰਹੇ ਸਨ ਤੇ ਬੜੇ ਪ੍ਰੇਮ ਨਾਲ ਸਮਝਾ ਰਹੇ ਸਨ ਕਿ Ph.D ਕਰਦਿਆਂ ਸਾਡੇ ਘੱਟੋ-ਘੱਟ ਤਿੰਨ ਸਾਲ ਲੱਗਣੇ ਹਨ। ਇਥੇ ਕਾਲਜ ਦਾ ਕੀ ਬਣੇਗਾ? ਵਿਦਿਆਰਥੀਆਂ ਦਾ ਭਾਰੀ ਨੁਕਸਾਨ ਹੋਵੇਗਾ। ਕੀ ਕਰਨਾ ਇਹੋ ਜਿਹੀ Ph.D ਕਰਕੇ, ਆਪਾਂ ਰਹਿਣ ਦੇਈਏ ਤੇ ਕਾਲਜ join ਕਰ ਲਈਏ। ਮੈਂ ਆਪਣੇ ਢੰਗ ਨਾਲ ਦਲੀਲ ਦਿੱਤੀ, ਨਹੀਂ ਸਾਨੂ ਂPh.D ਜ਼ਰੂਰ ਕਰਨੀ ਚਾਹੀਦੀ ਹੈ। ਆਖਰ ਇਹ ਹੋਇਆ ਕਿ ਮੈਂ ਖੁਦਗਰਜ਼ ਹੀ ਰਿਹਾ ਤੇ ਉਨ੍ਹਾਂ ਨੇ Ph.D ਛੱਡ ਕੇ ਕਾਲਜ join ਕਰ ਲਿਆ। ਦੋਸਤੋ ਮੇਰੇ Ph.D ਕਰਨ ਨਾਲੋਂ ਉਹਨਾਂ ਦੇ ਤਿਆਗ ਤੇ ਵਿਦਿਆਰਥੀਆਂ ਪ੍ਰਤੀ sincerity ਦੀ ਮਹਾਨਤਾ ਹਜ਼ਾਰਾਂ ਗੁਣਾ ਵੱਧ ਹੈ। ਮੈਂ ਕਹਿੰਦਾ ਹਾਂ ਕਿ ਐਸੇ ਭਲੇ ਇਨਸਾਨਾਂ ਦੀ ਮਿਸਾਲ ਮਿਲਣੀ ਮੁਸ਼ਕਿਲ ਹੈ। ਅਗਲੀ ਗੱਲ ਹੈ ਇਹ ਹੈ ਕਿ ਜੇ ਕਿਤੇ ਉਹਨਾਂ ਨੂ ਪੰਤਾ ਲੱਗ ਗਿਆ ਕਿ ਮੈਂ ਉਹਨਾਂ ਦੀ ਇਹ ਗੱਲ ਇਥੇ ਤੁਹਾਨੂ ਸੁੰਣਾਈ ਹੈ ਤਾਂ ਮੇਰੀ ਸ਼ਾਮਤ ਜ਼ਰੂਰ ਆਵੇਗੀ ਪਰ ਇਹ ਮੈਂ ਖੁਸ਼ੀ ਨਾਲ ਸਹਿ ਲਵਾਂਗਾ, ਤੁਹਾਡੇ ਸਾਹਮਣੇ ਇਹ ਸੱਚਾਈ ਜ਼ਾਹਰ ਕਰਨੀ ਮੈਂ ਆਪਣਾ ਫਰਜ਼ ਸਮਝਦਾ ਹਾਂ।

2. ਲੁਧਿਆਣਾ ਜਿਲ੍ਹਾ ਕਿਲਾ ਰਾਏਪੁਰ ਵਿਖੇ ਇਕ ਹੈਡ ਮਾਸਟਰ ਪ੍ਰੀਤਮ ਸਿੰਘ ਜੀ ਹੋਏ ਹਨ। ਉਹਨਾਂ ਦੇ ਰਹਿ ਚੁੱਕੇ ਵਿਦਿਆਰਥੀ ਉਹਨਾਂ ਨੂ ਬੜੀ ਸ਼ਰਧਾ ਨਾਲ ਯਾਦ ਕਰਦੇ ਹਨ। ਇਕ ਦਿਨ ਮੈਂ ਆਪਣੇ ਇੱਕ ਸਾਥੀ ਪ੍ਰੋਫੈਸਰ ਨਾਲ ਬਸੰਤ ਰੁਤੇ ਗੌਰਮਿੰਟ ਕਾਲਜ ਲੁਧਿਆਣੇ ਦੀ ਖਿੜੀ ਫੁਲਵਾੜੀ ਪਾਸ ਖੜ੍ਹਾ ਸਾਂ। ਖਿੜੇ ਹੋਏ ਪਿਆਰੇ-ਪਿਆਰੇ ਫੁੱਲਦੇਖ ਕੇ ਪ੍ਰੋ: ਸਾਹਿਬ ਨੇ ਕਹਿਣਾ ਸ਼ੁਰੂ ਕੀਤਾ, ਫੁੱਲ ਤੋੜਨ ਨੂ ਜੀਅ ਕਰਦਾ ਹੈ ਪਰ ਮੈਂ ਤੋੜਨਾ ਨਹੀਂ। ਬੜੇ ਵਜਦ ਵਿਚ ਆ ਕੇ ਕਹਿਣ ਲੱਗੇ ਅੱਜ ਮੈਂ ਤੈਨੂੰ ਹੈਡਮਾਸਟਰ ਪ੍ਰੀਤਮ ਸਿੰਘ ਜੀ ਦੀ ਆਪਣੇ ਜੀਵਨ ਨਾਲ ਸੰਬੰਧਤ ਘਟਨਾ ਸੁਣਾਉਂਦਾ ਹਾਂ। ਮੈਂ ਸੱਤਵੀਂ ਜਮਾਤ ਵਿਚ ਪੜ੍ਹਦਾ ਸੀ। ਇਸ ਤਰ੍ਹਾਂ ਖਿੜ੍ਹਿਆਂ ਫੁੱਲਾਂਵਿਚੋਂ ਮੈਂ ਇੱਕ ਫੁੱਲਤੋੜ ਲਿਆ। ਪਤਾ ਨਹੀਂ ਹੈਡਮਾਸਟਰ ਪ੍ਰੀਤਮ ਸਿੰਘ ਜੀ ਕਿਧਰੋਂ ਆ ਗਏ, ਉਹਨਾਂ ਨੂ ਵੇਖਦਿਆਂ ਹੀ ਮੈਂ ਕੰਬਣ ਲੱਗ ਗਿਆ ਤੇ ਫੁੱਲਮੇਰੇ ਹੱਥੋਂ ਡਿੱਗ ਪਿਆ। ਇਕ ਦਮ ਮੈਨੂ ਖਿਆਲ ਆਇਆ, ਸਖਤ ਸਜਾ ਦਾ, ਜਾਂ ਸਕੂਲੋਂ ਕੱਢ ਦੇਣ ਦਾ, ਜਾਂ ਹੋਰ ਪਤਾ ਨਹੀਂ ਕੀ ਕੁਝ ਹੋਵੇ। ਮੈਂ ਨੀਵੀਂ ਪਾਈ ਖੜ੍ਹਾ ਸੀ। ਹੈਡਮਸਾਟਰ ਸਾਹਿਬ ਨੇ ਦੋਵੇਂ ਹੱਥ ਜੋੜ ਲਏ, "ਕਾਕਾ ਮੈਨੂ ਮਾਫ ਕਰ ਦੇ ਮੈਂ ਤੁਹਾਨੂ ਇਹ ਵੀ ਨਹੀਂ ਸਮਝਾ ਸਕਿਆ ਕਿ ਇਸ ਤਰ੍ਹਾਂ ਫੁੱਲਨਹੀਂ ਤੋੜੀਦੇ।" ਮੇਰੀ ਜਿਵੇਂ ਜਾਨ ਨਿਕਲ ਗਈ ਤੇ ਅੱਜ ਤੱਕ ਫੁੱਲਤਾਂ ਕੀ ਤੋੜਨਾ ਮੈਂ ਕਦੇ ਵੀ ਗਲਤ ਕੰਮ ਕਰਨ ਲੱਗਾਂ ਤਾਂ ਓਹੀ ਲਫਜ਼ ਅਤੇ ਦ੍ਰਿਸ਼ ਮੇਰੀਆਂ ਅੱਖਾਂ ਸਾਹਮਣੇ ਆ ਜਾਂਦੇ ਹਨ।

ਕਿਸੇ ਹੋਰ ਦਿਨ ਐਵੇਂ ਗੱਲਾਂ-ਗੱਲਾਂ ਵਿਚ ਮੈਂ ਹੈਡਮਾਸਟਰ ਪ੍ਰੀਤਮ ਸਿੰਘ ਜੀ ਦਾ ਜ਼ਿਕਰ ਆਪਣੇ ਇਕ ਦੋਸਤ ਜੋ ਫੌਜ ਵਿੱਚੋਂ ਕੈਪਟਨ ਰਿਟਾਇਰ ਹੋਏ ਹਨ, ਨਾਲ ਕਰ ਬੈਠਾ। ਉਹ ਇਕ ਦਮ ਖੜੇ ਹੋ ਗਏ। ਦੋਵੇਂ ਹੱਥ ਜੋੜ ਕੇ ਮੱਥਾ ਟੇਕਿਆ। ਵੈਰਾਗ ਦੇ ਹੰਝੂ ਅੱਖਾਂ ਵਿਚ ਡ਼ੱਲਕ ਰਹੇ ਸਨ। ਮੂੰਹੋਂਕੁਝ ਨਹੀਂ ਕਹਿ ਸਕੇ, ਪਰ ਉਹਨਾਂ ਦੇ ਹਾਵ ਭਾਵ ਤੇ ਅੰਦਾਜ਼ ਬਹੁਤ ਉਚੀ-ਉਚੀ ਦੁਹਾਈਆਂ ਪਾ ਕੇ ਸ਼ਰਧਾ ਦੇ ਫੁੱਲ ਵਰਸਾ ਰਹੇ ਸਨ।

ਪ੍ਰਿੰਸੀਪਲਨਰਿੰਜਨ ਸਿੰਘ ਜੀ ਸਿੱਖ ਨੈਸ਼ਨਲ ਕਾਲਜ ਲਾਹੌਰ (ਜੋ ਕਿ ਪਾਕਿਸਤਾਨ ਬਣਨ ਤੇ ਸਿੱਖ ਨੈਸ਼ਨਲ ਕਾਲਜ ਕਾਦੀਆਂ (ਗੁਰਦਾਸਪੁਰ) ਸ਼ਿਫਟ ਹੋ ਗਿਆ ਸੀ) ਦੇ ਬਾਨੀ ਪ੍ਰਿੰਸੀਪਲਸਨ। ਇਸ ਕਾਲਜ ਦੇ ਖੋਲ੍ਹਣ ਵਾਸਤੇ ਸਿਵਾਏ ਲਗਨ ਦੇ, ਨਾ ਸਰਮਾਇਆ, ਨਾ ਜ਼ਮੀਨ, ਤੇ ਨਾ ਹੀ ਕੋਈ ਹੋਰ ਸਾਧਨ ਸੀ। ਪਹਿਲੇ ਇਕ ਸਾਲ ਲਾਗਲਿਆਂ ਪਿੰਡਾਂ ਵਿਚੋਂ ਗਜਾ ਕਰਕੇ, ਮੰਗਕੇ ਪ੍ਰਸ਼ਾਦੇ ਲਿਆਏ ਜਾਂਦੇ ਸਨ। ਪ੍ਰਿੰਸੀਪਲਸਾਹਿਬ ਜੀ ਦੀ ਜੀਵਨੀ ਦਾਸ ਨੇ ਪੜ੍ਹੀ ਹੋਈ ਹੈ ਤੇ ਕੁਝ ਗੱਲਾਂ ਉਨ੍ਹਾਂ ਦੇ ਸਾਥੀਆਂ ਤੋਂ ਵੀ ਸੁਣੀਆਂ ਹੋਈਆਂ ਹਨ। ਇਕ ਦੋ ਘਟਨਾਵਾਂ ਦਾ ਜ਼ਿਕਰ ਕਰਨ ਲੱਗਾ ਹਾਂ।

1. ਪ੍ਰਿੰਸੀਪਲਸਾਹਿਬ ਨੂ ਮੈਨਜਮੈਂਟ ਨੇ ਪੁੱਛਿਆਕਿ ਕਿੰਨੀ ਤਨਖਾਹ ਲਉਗੇ, ਥੋੜੀ ਦੇਰ ਹਿਸਾਬ ਕਿਤਾਬ ਲਗਾ ਕੇ ਕਿਹਾ 200 ਰੁ: ਕਾਫੀ ਹੈ। ਪ੍ਰਬੰਧਕ ਕਮੇਟੀ ਹੈਰਾਨ ਸੀ ਕਿ ਪ੍ਰਿੰਸੀਪਲਸਾਹਿਬ ਨੇ ਇਤਨੇ ਘੱਟ ਪੈਸੇ ਮੰਗੇ ਹਨ। ਪਤਨੀ ਨੂ ਬੁਲਾ ਕੇ ਪੁੱਛਿਆ ਉਨ੍ਹਾਂ ਨੀਵੀਂ ਪਾ ਕੇ ਇਤਨਾ ਹੀ ਕਿਹਾ, ਮੇਰੀ ਕੀ ਹਿੰਮਤ ਕਿ ਮੈਂ ਸਰਦਾਰ ਜੀ ਤੋਂ ਬਾਅਦ ਕੁਝ ਕਹਾਂ। ਆਖਰ 500 ਰੁ: ਤਨਖਾਹ ਫਿਕਸ ਕੀਤੀ ਗਈ। ਮੇਰਾ ਖਿਆਲ ਹੈ ਤੁਸੀਂ ਤਿਆਗ ਦਾ ਅੰਦਾਜਾ ਲਗਾ ਹੀ ਲਿਆ ਹੋਵੇਗਾ।

2. ਇੱਕ ਦਿਨ ਘਰ ਦੇ ਦਫਤਰ ਦੇ ਮੇਜ਼ ਤੋਂ ਪ੍ਰਿੰਸੀਪਲਸਾਹਿਬ ਦਾ ਪੈਨ ਗਾਇਬ ਸੀ। ਪੁੱਛਪੜਤਾਲ ਕਰਨ ਤੇ ਪਤਾ ਚਲਿਆ ਕਿ ਪੈਨ ਕੁਝ ਲਿਖਣ ਲਈ ਉਨ੍ਹਾਂ ਦੇ ਛੋਟੇ ਲੜਕੇ ਨੇ ਲਿਆ ਹੈ। ਲੜਕੇ ਨੂ ਬੁਲਾਇਆ ਗਿਆ – ਕਾਕਾ ਤੂੰ ਪ੍ਰਿੰਸੀਪਲ ਨਹੀਂ ਹੈਂ ਤੇਰਾ ਬਾਪ ਪ੍ਰਿੰਸੀਪਲਹੈ। ਤੈਨੂ ਕੋਈ ਹੱਕ ਨਹੀਂ ਕਿ ਤੂ ਵਿਦਿਆਰਥੀਆਂ ਦੇ ਫੰਡ ਵਿੱਚੋਂ ਲਏ ਪੈੱਨ ਦੀ ਵਰਤੋਂ ਕਰੇਂ। ਦੇਖੋ ਆਦਰਸ਼, ਅਸੀਂ ਉਨ੍ਹਾਂ ਦੀਆਂ ਕਰਨੀਆਂ ਵੱਲ ਦੇਖੀਏ ਅਤੇ ਆਪਣੇ ਅੰਦਰ ਝਾਤੀ ਮਾਰੀਏ ਤਾਂ ਸਾਰੀ ਗੱਲ ਸਪੱਸ਼ਟ ਹੋ ਜਾਂਦੀ ਹੈ।

ਸੰਤ ਅਤਰ ਸਿੰਘ ਜੀ ਮਸਤੂਆਣਾ ਮਹਾਨ ਗੁਰਸਿੱਖ ਹੋਏ ਹਨ। ਉਹਨਾਂ ਨਾਮ ਜੱਪਿਆ, ਸਿੱਖੀ ਦਾ ਪ੍ਰਚਾਰ ਕੀਤਾ ਅਤੇ ਸਿਖਿਆ ਦੇ ਖੇਤਰ ਵਿਚ ਉਹਨਾਂ ਦੀ ਦੇਣ ਮਹਾਨ ਹੈ। ਇਹ ਦੱਸਣਾ ਕੁਥਾਂ ਨਹੀਂ ਹੋਵੇਗਾ ਕਿ ਬਨਾਰਸ ਹਿੰਦੂ ਯੂਨੀਵਰਸਿਟੀ ਦਾ ਨੀਂਹ ਪੱਥਰ ਸੰਤ ਅਤਰ ਸਿੰਘ ਜੀ ਮਸਤੂਆਣਾ ਤੋਂ ਰਖਵਾਇਆ ਗਿਆ ਸੀ। ਉਹਨਾਂ ਦੀ ਸਰਪਰਸਤੀ ਹੇਠ ਗੁਰੂ ਨਾਨਕ ਗੁਜ਼ਰਾਂਵਾਲਾ ਕਾਲਜ (ਜੋ ਕਿ ਅੱਜ ਕੱਲ ਗੁਜ਼ਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਜ ਲੁਧਿਆਣਾ ਕਰਕੇ ਜਾਣਿਆ ਜਾਂਦਾ ਹੈ) ਦੇ ਬਾਨੀ ਪ੍ਰਿੰਸੀਪਲਸੰਤ ਤੇਜਾ ਸਿੰਘ ਜੀ ਹੋਏ ਹਨ। ਸੰਤ ਤੇਜਾ ਸਿੰਘ ਜੀ ਨੇ, ਉਹਨਾਂ ਦਿਨਾਂ ਵਿਚ ਜਦ ਸਿੱਖਾਂ ਵਿਚ ਪੜ੍ਹੇ ਲਿਖੇ ਸੱਜਣ ਬਹੁਤ ਘੱਟ ਸਨ, ਹਾਰਵਰਡ ਯੂਨੀਵਰਸਿਟੀ ਤੋਂ Ph.D ਕੀਤੀ ਸੀ ਤੇ ਪੜ੍ਹਾਈ ਦੌਰਾਨ ਸਿੱਖੀ ਸਰੂਪ ਤੇ ਪੂਰਾ ਪਹਿਰਾ ਦਿੱਤਾ ਸੀ। ਉਹਨਾਂ ਦੇ ਜੀਵਨ ਦੀਆਂ ਬਹੁਤ ਸਾਰੀਆਂ ਗੱਲਾਂ ਦੱਸਣ ਵਾਲੀਆਂ ਹਨ। ਸਮਾਂ ਜਿਆਦਾ ਹੋ ਰਿਹਾ ਹੈ। ਜੇ ਇੱਛਾ ਹੈ ਤਾਂ ਉਹਨਾਂ ਦੀ ਸਵੈ ਜੀਵਨੀ ਪੜ੍ਹ ਸਕਦੇ ਹੋ।

ਪ੍ਰਿੰਸੀਪਲਜੋਧ ਸਿੰਘ ਜੀ, ਪ੍ਰੋ: ਸਾਹਿਬ ਸਿੰਘ ਜੀ, ਪਿੰ੍ਰਸੀਪਲ ਤੇਜਾ ਸਿੰਘ ਜੀ, ਪ੍ਰਿੰਸੀਪਲਕਰਤਾਰ ਸਿੰਘ ਸ਼ੇਰਗਿਲ ਜੀ, ਮਾਸਟਰ ਤਾਰਾ ਸਿੰਘ ਜੀ, ਗਿਆਨੀ ਨਾਹਰ ਸਿੰਘ ਜੀ, ਭਾਈ ਰਣਧੀਰ ਸਿੰਘ ਜੀ, ਡਾ: ਭਾਈ ਵੀਰ ਸਿੰਘ ਜੀ, ਪ੍ਰੋ: ਪੂਰਨ ਸਿੰਘ ਜੀ, ਡਾ. ਜਸਵੰਤ ਸਿੰਘ ਨੇਕੀ ਜੀ ਅਤੇ ਹੋਰ ਕਈ ਮਹਾਨ ਆਕਰਸ਼ਕ ਤੇ ਆਦਰਸ਼ਕ ਸਿੱਖ ਸ਼ਖਸ਼ੀਅਤਾਂ ਹੋਈਆਂ ਹਨ, ਜਿਹਨਾਂ ਦੇ ਅਮਲੀ ਜੀਵਨ ਸਾਡੇ ਲਈ ਰੋਲ ਮਾਡਲ ਹਨ।

ਹੁਣ ਸਵਾਲ ਇਹ ਹੈ ਕਿ ਇੱਕ ਅਧਿਆਪਕ ਵਿਦਿਆਰਥੀਆਂ ਲਈ ਤੇ ਸਮਾਜ ਲਈ ਰੋਲ ਮਾਡਲ ਕਿਵੇਂ ਬਣੇ? ਇਸ ਸਬੰਧ ਵਿੱਚ ਲੰਬੇ ਚੌੜੇ ਭਾਸ਼ਣ ਦਿੱਤੇ ਜਾ ਸਕਦੇ ਹਨ, ਬਹੁਤ ਕੁਝ ਲਿਖਿਆ ਤੇ ਵਿਚਾਰਿਆ ਜਾ ਸਕਦਾ ਹੈ। ਪਰ ਸਭ ਤੋਂ ਸਿਰਮੌਰ ਸੁਝਾਅ ਇਹ ਹੈ ਕਿ ਧੰਨ ਸ੍ਰੀ ਗੁਰੂ ਗ੍ਰੰਥਸਾਹਿਬ ਜੀ ਦੀ ਸ਼ਰਨ ਕਬੂਲ ਕਰਕੇ ਨਾਮ ਬਾਣੀ ਨਾਲ ਜੁੜਿਆ ਜਾਵੇ। ਕੇਵਲ ਤੁਸੀਂ ਵਧੀਆ ਅਧਿਆਪਕ ਹੀ ਨਹੀਂ ਬਲਕਿ ਚੰਗੇ ਇਨਸਾਨ ਵੀ ਬਣ ਜਾਵੋਗੇ। "ਨਾਲੇ ਪੁੰਨਨਾਲੇ ਫਲੀਆਂ" ਦੀ ਕਹਾਵਤ ਅਨੁਸਾਰ ਰੱਬ ਜੀ ਦੀ ਅਨੁਭਵਤਾ ਵੀ ਸਹਿਜ ਸੁਭਾਅ ਹੋ ਜਾਵੇਗੀ। ਪਰ ਖਿਆਲ ਰਹੇ ਕਿ ਅਗਵਾਈ ਸਿੱਧੀ ਸ੍ਰੀ ਗੁਰੂ ਗ੍ਰੰਥਸਾਹਿਬ ਜੀ ਤੋਂ ਲਈ ਜਾਵੇ, ਹੋਰ ਕਿਸੇ ਸਾਧ, ਸੰਤ, ਵਿਦਵਾਨ ਆਦਿ ਨੂੰ ਵਿੱਚ ਵਿਚਾਲੇ ਵਿਚੋਲਾ ਨਾ ਬਣਾਇਆ ਜਾਵੇ।

ਅਖੀਰ ਵਿਚ ਮੈਂ ਨਿਮਰਤਾ ਸਹਿਤ ਆਪ ਸਭ ਦੇ ਚਰਨਾਂ ਵਿਚ ਦੋਵੇਂ ਹੱਥ ਜੋੜ ਕੇ ਬੇਨਤੀ ਕਰਦਾ ਹਾਂ ਤੇ ਗੁਰੂ ਦਾ ਵਾਸਤਾ ਪਾਉਂਦਾ ਹਾਂ ਕਿ ਬੱਚਿਆਂ ਨੂੰ ਤੰਨ ਮਨ ਨਾਲ ਪੜ੍ਹਾਉਣਲਈ ਜ਼ਿੰਦਗੀ ਭਰ ਵਚਨਬੱਧ ਹੋ ਜਾਈਏ।

## 24. ਆਦਰਸ਼ਕ, ਆਕਰਸ਼ਕ ਤੇ ਮਾਰਗ ਦਰਸ਼ਕ ਅਧਿਆਪਕ

### 1. ਪੜ੍ਹਾਏਜਾਣ ਵਾਲੇ ਵਿਸ਼ੇ ਵਿੱਚ ਮੁਹਾਰਤ/ਨਿਪੁੰਨਤਾ(Expert and well versed in the teaching subject)

ਅਧਿਆਪਕ ਚਾਹੇ ਜਿੰਨਾ ਮਰਜ਼ੀ ਸੋਹਣਾ-ਸੁਣੱਖਾ ਹੋਵੇ ਤੇ ਵਧੀਆ ਲਿਬਾਸ ਵੀ ਪਹਿਨੇ ਅਤੇ ਗੱਲਾਂ ਵੀ ਏਧਰ ਓਧਰ ਦੀਆਂ ਬੜੀਆਂ ਚੋਪੜੀਆਂ ਚੋਪੜੀਆਂ ਕਰੇ ਪਰ ਜੇ ਉਸਨੂੰ ਪੜ੍ਹਾਏ ਜਾਣ ਵਾਲੇ ਵਿਸ਼ੇ (subject) ਦਾ ਪੂਰਾ ਗਿਆਨ ਨਹੀਂ ਤਾਂ ਉਹ

ਵਿਦਿਆਰਥੀਆਂ ਵਿੱਚ ਮਾੜੇ ਅਧਿਆਪਕ ਦੇ ਰੂਪ ਵਿੱਚ ਜਾਣਿਆ ਜਾਂਦਾ ਹੈ। ਸਚਾਈ ਤਾਂ ਇਹ ਹੈ ਕਿ ਉਹ ਵਿਦਿਆਰਥੀਆਂ ਦੀ ਜ਼ਿੰਦਗੀ ਨਾਲ ਖਿਲਵਾੜ ਕਰਦਾ ਹੋਇਆ ਸਮਾਜ ਤੇ ਦੇਸ਼ ਲਈ ਬੋਝ ਬਣ ਜਾਂਦਾ ਹੈ।

ਸੋ ਅਧਿਆਪਕ ਲਈ ਜ਼ਰੂਰੀ ਹੈ ਕਿ ਉਸਦਾ ਆਪਣੇ ਵਿਸ਼ੇ ਵਿੱਚ ਏਨਾ ਗਿਆਨ ਹੋਵੇ ਤੇ ਇਤਨੀ ਮੁਹਾਰਤ ਹੋਵੇ ਕਿ ਵਿਦਿਆਰਥੀ ਇਹ ਸਮਝਣ ਕਿ ਸਾਡਾ ਅਧਿਆਪਕ ਉਚ ਕੋਟੀ ਦਾ ਗਿਆਨਵਾਨ ਵਿਦਵਾਨ ਹੈ ਜੋ ਸਾਡੇ (ਵਿਦਿਆਰਥੀਆਂ ਦੇ) ਹਰ ਸਵਾਲ ਦਾ ਤਸਲੀਬਖਸ਼ ਜਵਾਬ ਦੇਣ ਦੇ ਯੋਗ ਹੈ। ਵਿਦਿਆਰਥੀ ਯੋਗ ਅਧਿਆਪਕ ਦੀ ਹੋਰ ਮਾੜੀ ਮੋਟੀ ਵਧੀਕੀ/ਕਮਜ਼ੋਰੀ ਖੁਸ਼ੀ ਨਾਲ ਜ਼ਰ ਲੈਂਦੇ ਹਨ ਪਰ ਗਿਆਨਹੀਣ ਅਧਿਆਪਕ ਨੂੰ ਕਦੇ ਬਰਦਾਸ਼ਤ ਨਹੀਂ ਕਰਦੇ। ਜੇ ਅਸੀਂ ਹਰਮਨ ਪਿਆਰਾ ਅਧਿਆਪਕ ਬਣਨਾ ਚਾਹੁੰਦੇਹਾਂ ਤਾਂ ਸਭ ਤੋਂ ਪਹਿਲੀ ਸ਼ਰਤ ਹੈ ਕਿ ਸਾਡੇ ਦੁਆਰਾ ਪੜ੍ਹਾਏ ਜਾਣ ਵਾਲੇ ਵਿਸ਼ੇ ਵਿੱਚ ਸਾਡਾ ਗਿਆਨ ਹਰ ਪੱਖੋਂ ਪੂਰਾ ਹੋਣਾ ਚਾਹੀਦਾ ਹੇ। ਇਸ ਕਰਕੇ ਇੱਕ ਅਧਿਆਪਕ ਨੂੰ ਆਪ ਆਪਣਾ ਵਿਸ਼ਾ ਵੱਧ ਤੋਂ ਵੱਧ ਪੜ੍ਹ ਕੇ ਨਿਤ ਨਵਾਂ ਗਿਆਨ ਹਾਸਿਲ ਕਰਦੇ ਰਹਿਣਾ ਚਾਹੀਦਾ ਹੇ।

2. ਪੜ੍ਹਾਉਣ ਕਲਾ (Teaching art)

ਅਗਲੀ ਜ਼ਰੂਰੀ ਗੱਲ ਹੈ ਕਿ ਅਧਿਆਪਕ ਨੂੰ ਵਿਦਿਆਰਥੀਆਂ ਵਿੱਚ ਤੇ ਕਲਾਸ ਵਿੱਚ ਆਪਣੇ ਗਿਆਨ ਦਾ ਪਸਾਰ ਤੇ ਸੰਚਾਰ ਕਰਨ ਦੀ ਕਲਾ ਵੀ ਆਉਣੀ ਚਾਹੀਦੀ ਹੈ। ਇਹ ਕਲਾ ਢੰਗ ਹਰ ਅਧਿਆਪਕ ਦਾ ਆਪੋ ਆਪਣਾ ਹੁੰਦਾਹੈ। ਫਿਰ ਵੀ ਕੁਝ ਥੋੜ੍ਹੀ ਬਹੁਤੀ ਸਿੱਖ ਮੱਤ ਏਧਰੋਂ ਓਧਰੋਂ ਲਈ ਦਿਤੀ ਜਾ ਸਕਦੀ ਹੈ। ਕਈ ਗੱਲਾਂ ਅਧਿਆਪਕ ਤਜਰਬੇ (experiences) ਨਾਲ ਵੀ ਸਿਖ ਲੈਂਦਾ ਹੈ। ਸਭ ਤੋਂ ਵੱਡੀ ਗੱਲ ਇਹ ਹੈ ਕਿ ਜੇ ਅਧਿਆਪਕ ਦੇ ਮਨ ਵਿੱਚ ਪੜ੍ਹਨ ਪੜ੍ਹਾਉਣ ਦੀ ਰੁਚੀ ਤੇ ਚਾਅ ਹੋਵੇ ਤਾਂ ਉਹ ਵਧੀਆ ਪੜ੍ਹਾਉਣ ਦੇ ਢੰਗ ਤਰੀਕੇ ਆਪਣੇ ਆਪ ਹੀ ਖੋਜ ਲੈਂਦਾ ਹੈ। ਵਿਦਿਆਰਥੀ ਅਕਸਰ ਇਹ ਕਹਿੰਦੇ ਸੁਣੇ ਜਾਂਦੇ ਹਨ ਕਿ ਫਲਾਣਾ ਅਧਿਆਪਕ ਲਾਇਕ ਤੇ ਗਿਆਨਵਾਨ ਤਾਂ ਹੈ (knowledge ਬਹੁਤ ਹੈ) ਪਰ ਉਸਨੂੰ ਪੜ੍ਹਾਉਣਾ ਨਹੀਂ ਆਉਂਦਾ। ਅਧਿਆਪਕ ਵਾਸਤੇ ਇਹ ਸਭ ਤੋਂ ਵੱਡੀ ਊਜ ਹੈ। ਸੋ ਅਧਿਆਪਕ ਮਿਤਰੋ, ਪੜ੍ਹਾਉਣ ਢੰਗ ਵੱਲ ਉਚੇਚਾ ਧਿਆਨ ਦੇਣ ਦੀ ਲੋੜ ਹੈ। ਮਿਸਾਲ ਵਜੋਂ ਕੁਝ ਨੁਕਤੇ ਸੁਝਾਏ ਜਾਂਦੇ ਹਨ:-

1. ਜਿਥੋਂ ਤੱਕ ਹੋ ਸਕੇ ਕਲਾਸ ਵਿੱਚ ਲੈਕਚਰ ਕਿਤਾਬ ਕਾਪੀ ਦੇਖੇ ਬਿਨਾਂ ਜ਼ਬਾਨੀ ਦਿਤਾ ਜਾਵੇ। ਇਸ ਨਾਲ ਅਧਿਆਪਕ ਦਾ ਸਵੈ ਵਿਸ਼ਵਾਸ (self confidence) ਵੱਧਦਾ ਹੈ, ਸਮੇਂ ਦੀ ਬੱਚਤ ਹੁੰਦੀਹੈ ਤੇ ਵਿਦਿਆਰਥੀਆਂ ਤੇ ਬਹੁਤ ਚੰਗਾ ਪ੍ਰਭਾਵ ਪੈਂਦਾ ਹੈ।

2. ਸਾਰੇ ਵਿਦਿਆਰਥੀਆਂ ਦੇ ਨਾਮ ਅਧਿਆਪਕ ਨੂੰ ਜ਼ੁਬਾਨੀ ਯਾਦ ਹੋਣੇ ਚਾਹੀਦੇ ਹਨ। ਜਦ ਅਧਿਆਪਕ ਵਿਦਿਆਰਥੀ ਦਾ ਨਾਮ ਲੈ ਕੇ ਬੁਲਾਉਂਦਾ ਹੈ ਤਾਂ ਬੱਚਾ ਅਧਿਆਪਕ ਨਾਲ ਬਹੁਤ ਨੇੜਤਾ ਤੇ ਅਪਣੱਤ ਮਹਿਸੂਸ ਕਰਦਾ ਹੈ। ਨਾਮ ਯਾਦ ਕਰਨ ਲਈ ਕਲਾਸ ਵਿਚ ਹਾਜ਼ਰੀ, ਰੋਲ ਨੰ: ਦੀ ਬਜਾਏ ਨਾਮ ਬੋਲ ਕੇ ਲਗਾਈ ਜਾਣੀ ਚਾਹੀਦੀ ਹੈ।

3. ਕਲਾਸ ਵਿੱਚ ਕੋਈ ਨਾ ਕੋਈ ਗੱਲ ਕਰਕੇ ਜਾਂ ਇਸ਼ਾਰਾ ਕਰਕੇ ਕਿਸੇ ਵੀ ਯੋਗ ਤਰੀਕੇ ਨਾਲ ਵਿਦਿਆਰਥੀਆਂ ਨੂੰ ਦੋ ਜਾਂ ਤਿੰਨ ਵਾਰ ਹਸਾਉਣਾ ਜ਼ਰੂਰ ਚਾਹੀਦਾ ਹੈ। ਇਸ ਨਾਲ ਵਿਦਿਆਰਥੀ ਤੇ ਅਧਿਆਪਕ ਖੁਦ ਵੀ, ਤਰੋ ਤਾਜ਼ਾ (fresh) ਹੋ ਕੇ, ਫਿਰ ਤੋਂ ਪੜ੍ਹਾਈ ਵੱਲ ਰੁਚਿਤ ਹੋ ਜਾਂਦੇ ਹਨ।

4. ਵਿਦਿਆਰਥੀਆਂ ਨੂ ਝਿੜਕਿਆ ਜਾਂ ਗੁੱਸੇਨਾ ਹੋਇਆ ਜਾਵੇ। ਸਰੀਰਕ ਸਜ਼ਾ (physical punishment) ਤਾਂ ਬਿਲਕੁਲ ਹੀ ਨਹੀਂ ਦੇਣੀ ਚਾਹੀਦੀ। ਹਾਂ, ਜੇ ਬਹੁਤ ਜ਼ਰੂਰੀ ਹੋ ਜਾਵੇ ਤੇ ਕਿਸੇ ਵਿਦਿਆਰਥੀ ਨੂ ਝਿੜਕਣਾ ਪਵੇ ਤਾਂ ਕਲਾਸ ਦੇ ਅਖੀਰ ਵਿੱਚ ਉਸ ਵਿਦਿਆਰਥੀ ਨਾਲ ਪਿਆਰ ਜ਼ਰੂਰ ਕੀਤਾ ਜਾਵੇ ਤਾਂ ਜੋ ਤੁਹਾਡੀ ਝਿੜਕ ਨਾਲ ਬੱਚਾ ਪੱਕੇ ਤੌਰ ਤੇ ਹਮੇਸ਼ਾ ਲਈ ਤੁਹਾਡੇ ਨਾਲ ਮਨੋ ਨਰਾਜ਼ ਨਾ ਹੋ ਜਾਵੇ।

5. ਅਧਿਆਪਕ ਵਾਸਤੇ ਸਮੇਂ ਦਾ ਪਾਬੰਦ ਹੋਣਾ ਬਹੁਤ ਜ਼ਰੂਰੀ ਹੈ। ਵਿਦਿਆਰਥੀ ਅਧਿਆਪਕ ਦਾ ਲੇਟ ਹੋਣਾ ਤੇ ਦੇਰ ਨਾਲ ਆਉਣਾ ਬਿਲਕੁਲ ਪਸੰਦ ਨਹੀਂ ਕਰਦੇ। ਜਿਹੜਾ ਅਧਿਆਪਕ ਵਕਤ ਦਾ ਪਾਬੰਦ ਹੁੰਦਾਹੈ, ਵਿਦਿਆਰਥੀ ਉਸਨੂ ਇੱਜ਼ਤ ਦੀ ਨਜ਼ਰ ਨਾਲ ਦੇਖਦੇ ਹਨ ਤੇ ਵਿਦਿਆਰਥੀ ਆਪ ਵੀ ਸਹਿਜ ਸੁਭਾਅ ਵਕਤ ਦਾ ਪਾਬੰਦ ਹੋਣ ਦਾ ਗੁਣ ਗ੍ਰਹਿਣ ਕਰ ਲੈਂਦੇ ਹਨ।

6. ਅਧਿਆਪਕ ਨੂ ਪੰੜ੍ਹਨ ਪੜ੍ਹਾਉਣ ਦਾ ਕਾਰਜ ਜਿਆਦਾ ਕੁਸ਼ਲਤਾ ਨਾਲ ਕਰਨ ਲਈ ਕੰਪਿਊਟਰ ਤੇ ਇੰਟਰਨੈਟ ਦੀ ਵਰਤੋਂ ਕਰਨੀ ਚਾਹੀਦੀ ਹੈ। ਜਿਹੜੇ ਅਧਿਆਪਕ ਕੰਪਿਊਟਰ ਚਲਾਉਣਾ ਨਹੀਂ ਜਾਣਦੇ ਉਹ ਥੋੜੀ ਜਿਹੀ ਕੋਸ਼ਿਸ਼ ਕਰਨ ਤਾਂ ਬੜੇ ਆਰਾਮ ਨਾਲ ਸਿੱਖ ਸਕਦੇ ਹਨ। ਕੰਪਿਊਟਰ ਸਿਖਣਾ/ਚਲਾਉਣਾ ਕੋਈ ਖਾਸ ਔਖਾ ਕੰਮ ਨਹੀਂ ਹੈ।

7. ਵਿਦਿਆਰਥੀਆਂ ਨੂ ਗੱਲਬਾਤ ਕਰਨ ਤੇ ਸਵਾਲ ਪੁੱਛਣਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ। ਜੇ ਕੋਈ ਮਾੜਾ (silly), ਗਲਤ ਤੇ ਬੇਤੁਕਾ ਸਵਾਲ ਵੀ ਪੁੱਛੇਤਾਂ ਵੀ ਝਿੜਕ ਕੇ ਜਾਂ ਮੂੰਹਵੱਟ ਕੇ ਵਿਦਿਆਰਥੀ ਦਾ ਮਨੋਬਲ (discourge) ਨਹੀਂ ਡੇਗਣਾ ਚਾਹੀਦਾ, ਸਗੋਂ ਪ੍ਰੇਮ ਨਾਲ ਸਮਝਾ ਕੇ ਹੱਲਾਸ਼ੇਰੀ ਦੇਣੀ ਚਾਹੀਦੀ ਹੈ।

8. ਲੈਕਚਰ ਦੇ ਅਖੀਰ ਤੇ ਇੱਕ ਵੇਰ ਮੋਟੇ ਮੋਟੇ ਨੁਕਤੇ (main points) ਦੁਹਰਾ ਦੇਣੇ ਚਾਹੀਦੇ ਹਨ। ਅਗਲੇ ਦਿਨ ਫਿਰ ਪਿਛਲੇ ਲੈਕਚਰ ਵਿੱਚ ਕੀਤੀ ਪੜ੍ਹਾਈਦੀ ਯਾਦ ਤੇ ਦੁਹਰਾਈ (Recapitulation) ਕਰਵਾਉਣੀ ਚਾਹੀਦੀ ਹੈ।

9. ਵਿਦਿਆਰਥੀਆਂ ਨੂ ਚੇਤੰਨ (active) ਰੱਖਣ ਲਈ ਅਧਿਆਪਕ ਵੱਲੋਂ ਵਿੱਚ ਵਿੱਚ ਸਵਾਲ ਜ਼ਰੂਰ ਪੁੱਛਣੇਚਾਹੀਦੇ ਹਨ।

10. ਲੋੜ ਅਨੁਸਾਰ ਘਰ ਵਾਸਤੇ ਕੰਮ (Home work) ਵੀ ਦੇਣਾ ਚਾਹੀਦਾ ਹੈ।

3. ਕਲਾਸ ਤੋਂ ਬਾਹਰ ਅਧਿਆਪਕ ਦਾ ਵਰਤ ਵਰਤਾਰਾ (Conduct of teacher outside the class)

ਸਕੂਲ/ਕਾਲਜ ਵਿੱਚ ਕਲਾਸ ਤੋਂ ਬਾਹਰ ਅਧਿਆਪਕ ਦਾ ਵਰਤ ਵਰਤਾਰਾ (Conduct) ਵੀ ਬਹੁਤ ਅਹਿਮੀਅਤ ਰੱਖਦਾ ਹੈ। ਸਕੂਲ/ਕਾਲਜ ਦੌਰਾਨ ਪ੍ਰਬੰਧਕ ਅਤੇ ਭਾਈਚਾਰਕ ਵਾਤਾਵਰਣ ਦਾ ਵਿਦਿਆਰਥੀ ਮਨਾਂ ਤੇ ਸਿੱਧਾ ਜਾਂ ਅਸਿੱਧਾ ਅਸਰ ਪੈਂਦਾ ਹੈ। ਜੋ ਕਈ ਵਾਰੀ, ਕਈ ਵਿਦਿਆਰਥੀਆਂ ਤੇ ਸਾਰੀ ਉਮਰ ਅਸਰ ਅੰਦਾਜ ਰਹਿੰਦਾ ਹੈ। ਅਧਿਆਪਕ ਨੂ ਧਿਆਨ ਦੇਣ ਦੀ ਲੋੜ ਹੈ ਕਿ ਉਹ ਪ੍ਰਿੰਸੀਪਲ/ਹੈਡਮਾਸਟਰ, ਆਪਣੇ ਸਹਿਯੋਗੀ (colleagues), ਹੇਠਲੇ ਅਧੀਨ ਕਰਮਚਾਰੀ ਅਤੇ ਕਲਾਸੋਂ ਬਾਹਰ ਵਿਦਿਆਰਥੀਆਂ ਨਾਲ ਠੀਕ ਢੰਗ ਨਾਲ ਪੇਸ਼ ਆਵੇ। ਉਹ ਕੋਈ ਮਾੜਾ ਚੰਗਾ, ਉਚਾ ਨੀਵਾਂ, ਬੋਲ ਬੁਲਾਰਾ ਨਾ ਕਰੇ, ਕੋਈ ਮਾੜੀ ਹਰਕਤ ਨਾ ਕਰੇ। ਉਠਦਿਆਂ ਬਹਿੰਦਿਆਂ, ਤੁਰਦਿਆਂ ਫਿਰਦਿਆਂ ਸਹਿਜ ਸਲੀਕੇ ਨਾਲ ਵਿਚਰੇ। ਕਦੇ ਕਿਸੇ ਨਾਲ ਲੜਾਈ ਝਗੜਾ ਨਾ ਕਰੇ। ਨਾ ਖੁਸ਼ਾਮਦ ਕਰੇ ਤੇ ਨਾ ਪਿੱਠ ਪਿੱਛੇ ਕਿਸੇ ਦੀ ਨਿੰਦਾ ਕਰੇ। "ਉਸਤਤਿ ਨਿੰਦਾ ਦੋਊ ਤਿਆਗੈ" ਵਿਹਲੀਆਂ ਤੇ ਬੇਲੋੜੀਆਂ ਗੱਪਾਂ-ਸ਼ੱਪਾਂ ਮਾਰਨ ਤੋਂ ਪਰਹੇਜ਼ ਕੀਤਾ ਜਾਵੇ। ਕੇਵਲ ਸਾਰਥਕ ਅਕਾਦਮਿਕ ਤੇ ਵਿਸ਼ੇ

ਗਿਆਨ ਬਾਰੇ ਵਿਚਾਰ ਚਰਚਾ ਕੀਤੀ ਜਾਵੇ। ਘਰੇਲੂ ਸਮਸਿਆਵਾਂ ਨੂ ੰਆਪਣੇ ਤੱਕ ਜਾਂ ਇੱਕ ਅੱਧੇ ਮਿੱਤਰ ਤੱਕ ਹੀ ਸੀਮਤ ਰੱਖਿਆ ਜਾਵੇ। ਬੇਲੋੜੀਆਂ ਅਖਬਾਰੀ ਖਬਰਾਂ ਅਤੇ ਸਿਆਸਤ ਬਾਰੇ ਬਹਿਸ ਕਰਨ ਤੋਂ ਪਰਹੇਜ਼ ਕੀਤਾ ਜਾਵੇ।

ਘਰੇਲੂ ਗੱਲਾਬਾਤਾਂ, ਕੱਪੜੇ, ਫੈਸ਼ਨ, ਬਰਤਨ, ਆਪਣੇ ਬੱਚਿਆਂ, ਸਹੁਰਿਆਂ, ਪੇਕਿਆਂ, ਖੇਤੀ, ਦੁਕਾਨ, ਪਰਾਪਰਟੀ, ਬਿਜਨਸ ਆਦਿ ਦੀਆਂ ਗੱਲਾਂ ਸਕੂਲ/ਕਾਲਜ ਦੌਰਾਨ ਨਹੀਂ ਕੀਤੀਆਂ ਜਾਣੀਆਂ ਚਾਹੀਦੀਆਂ। ਜੇ ਸਮਾਂ ਹੋਵੇ ਤਾਂ ਨਾਮ ਬਾਣੀ ਨਾਲ ਜੁੜਿਆ ਜਾਵੇ।

4. ਅਧਿਆਪਕ ਦੀ ਜੀਵਨ ਸ਼ੈਲੀ (Living style of a teacher)

ਅਧਿਆਪਕ ਦਾ ਕਾਲਜ/ਸਕੂਲ ਤੋਂ ਬਾਹਰ ਘਰ ਵਿੱਚ ਰਹਿਣ-ਸਹਿਣ ਤੇ ਸਮਾਜ ਵਿੱਚ ਵਿਚਰਨ ਦਾ ਢੰਗ ਤਰੀਕਾ ਝੱਟ ਉੱਡ ਕੇ ਵਿਦਿਆਰਥੀਆਂ ਤੱਕ ਪਹੁ ੰਚਜਾਂਦਾ ਹੈ। ਇਸ ਲਈ ਸਾਨੂ ੰਕਾਲਜ/ਸਕੂਲ ਤੋਂ ਬਾਹਰ ਆਪਣੇ ਘਰੇਲੂ ਤੇ ਸਮਾਜਿਕ ਜੀਵਨ ਜਿਉਂਦਿਆਂ ਬਹੁਤ ਸਾਵਧਾਨ ਰਹਿਣ ਦੀ ਲੋੜ ਹੈ। ਆਓ, ਇਸ ਸੰਬੰਧੀ ਕੁਝ ਨੁਕਤਿਆਂ ਤੇ ਵਿਚਾਰ ਕਰੀਏ।

(ੳ). ਸਰੀਰਕ ਸਿਹਤ (Physical Health)

ਅਧਿਆਪਕ ਨੂ ੰਆਪਣੇ ਲਈ, ਆਪਣੇ ਵਿਦਿਆਰਥੀਆਂ ਲਈ, ਆਪਣੇ ਪਰਿਵਾਰ ਲਈ ਤੇ ਆਪਣੇ ਸਮਾਜ ਲਈ ਸਰੀਰਕ ਸਿਹਤ ਵੱਲ ਉਚੇਚਾ ਧਿਆਨ ਦੇਣ ਦੀ ਲੋੜ ਹੈ। ਉਹੀ ਖਾਣਾ-ਪੀਣਾ ਚਾਹੀਦਾ ਹੈ ਜੋ ਸਿਹਤ ਲਈ ਲਾਭਦਾਇਕ ਹੈ। ਜੀਭ ਦੇ ਸੁਆਦ ਲਈ ਉਹ ਖਾਣ-ਪੀਣ ਤੋਂ ਪਰਹੇਜ ਕਰਨਾ ਚਾਹੀਦਾ ਹੈ, ਜੋ ਸਿਹਤ ਲਈ ਨੁਕਸਾਨਦਾਇਕ ਹੈ। ਹਰ ਹਾਲਤ ਵਿੱਚ ਨਸ਼ਿਆਂ ਤੋਂ ਬੱਚ ਕੇ ਰਹਿਣਾ ਅਤਿਅੰਤ ਜ਼ਰੂਰੀ ਹੈ। "ਅਮਲ ਪ੍ਰਸ਼ਾਦੇ ਦਾ ਤੇ ਸਚੇ ਨਾਮ ਦਾ" ਗੁਰਮੁ ੱਖੀਸੁਨਿਹਰੀ ਸਿਧਾਂਤ ਆਪਣਾ ਲੈਣਾ ਚਾਹੀਦਾ ਹੈ। ਰੋਜ਼ਾਨਾ ਸੈਰ ਤੇ ਕਸਰਤ ਕਰਨੀ ਨਹੀਂ ਭੁਲਣੀ ਚਾਹੀਦੀ। ਜੇ ਕਦੇ ਬੀਮਾਰ ਹੋ ਜਾਉ ਤਾਂ ਡਾਕਟਰ ਦੀ ਸਾਲਾਹ ਲਏ ਬਿਨਾਂ ਕਦੇ ਦਵਾਈ ਨਾ ਲਵੋ।

(ਅ). ਪਰਿਵਾਰ ਨਾਲ ਸੁਖਾਵੇਂ ਸੰਬੰਧ

ਅਧਿਆਪਕ ਵਾਸਤੇ ਪਤੀ/ਪਤਨੀ, ਬੱਚਿਆਂ, ਮਾਪਿਆਂ/ਸਹੁਰਿਆਂ ਭੈਣ ਭਰਾਵਾਂ ਤੇ ਰਿਸ਼ਤੇਦਾਰਾਂ ਨਾਲ ਵਧੀਆ, ਪਿਆਰ ਤੇ ਸਤਿਕਾਰ ਵਾਲੇ ਸੰਬੰਧ ਰੱਖਣੇ ਚਾਹੀਦੇ ਹਨ। ਬੇਸ਼ਕ ਇਹ ਸੰਬੰਧ ਸਾਡੇ ਨਿੱਜੀ ਹਨ, ਪਰ ਕਿਉਂਕਿ ਸਾਡੇ ਇਨ੍ਹਾਂ ਨਿੱਜੀ ਸੰਬੰਧਾਂ ਦਾ ਅਸਰ ਸਿੱਧੇ ਰੂਪ ਵਿੱਚ ਵਿਦਿਆਰਥੀਆਂ ਤੇ ਪੈਂਦਾ ਹੈ ਤੇ ਅਸਿੱਧੇ ਰੂਪ ਵਿੱਚ ਸਮਾਜ ਤੇ ਪੈਂਦਾ ਹੈ। ਇਸ ਲਈ ਅਸੀਂ ਕੁਤਾਹੀ ਨਹੀਂ ਕਰ ਸਕਦੇ ਤੇ ਹਰ ਹਾਲਤ ਸਾਰਥਕ ਤੇ ਸੁਖਾਵੇਂ ਸੰਬੰਧ ਬਣਾਈ ਰੱਖਣੇ ਜ਼ਰੂਰੀ ਹਨ। ਜੇ ਕੋਈ ਸਮਸਿਆ ਆ ਵੀ ਜਾਵੇ ਤਾਂ ਉਸ ਨੂ ੰਬੜੇ ਸਹਿਜ ਸੁਭਾਅ ਨਾਲ ਇਉਂ ਨਜਿਠਣਾ ਹੈ ਕਿ ਵਿਦਿਆਰਥੀਆਂ ਤੱਕ ਉਸਦਾ ਅਸਰ ਘੱਟ ਤੋਂ ਘੱਟ ਪਵੇ।

(ੲ). ਆਂਢ-ਗੁਆਂਢ ਤੇ ਗਲੀ ਮੁਹੱਲਾ

ਜਿਥੇ ਤੁਸੀਂ ਰਹਿੰਦੇ ਹੋ, ਨੇੜੇ ਤੇੜੇ ਦੇ ਆਂਢ ਗੁਆਂਢ ਤੇ ਗਲੀ ਮੁਹੱਲੇ ਵਿੱਚ ਤੁਹਾਡਾ ਮੇਲ ਮਿਲਾਪ ਤੇ ਵਰਤ ਵਰਤਾਰਾ ਵਧੀਆ ਕਿਸਮ ਦਾ ਹੋਣਾ ਚਾਹੀਦਾ ਹੈ। ਤੁਹਾਨੂ ੰਪਤਾ ਹੋਣਾ ਚਾਹੀਦਾ ਹੈ ਕਿ ਤੁਸੀਂ ਸਮਾਜ ਦੇ ਰੋਲ ਮਾਡਲ ਵਜੋਂ ਵੇਖੇ ਤੇ ਸਮਝੇ ਜਾਂਦੇ ਹੋ। ਤੁਹਾਡੇ ਵਲੋਂ ਕੋਈ ਵੀ ਕੁਤਾਹੀ, ਮਾੜੀ ਹਰਕਤ, ਲੜਾਈ ਝਗੜਾ, ਉੱਚਾ ਨੀਵਾਂ ਬੋਲ ਬੁਲਾਰਾ ਕੇਵਲ ਤੁਹਾਡੇ ਤੇ ਹੀ ਨਹੀਂ, ਪੂਰੇ ਅਧਿਆਪਕ ਵਰਗ ਤੇ ਹਰਫ਼ ਲਿਆਉਂਦਾ ਹੈ। ਇਸ ਲਈ ਤੁਹਾਨੂ ੰਬਹੁਤ ਚੇਤੰਨ ਰਹਿਣ ਦੀ ਲੋੜ ਹੈ।

(ਸ). ਅਣਜਾਣੇ ਜਾਂ ਅਜਨਬੀਆਂ ਨਾਲ ਵਿਹਾਰ (Behaviour with unknown)

ਸਕੂਲ/ਕਾਲਜ ਅਤੇ ਘਰ ਤੋਂ ਬਾਹਰ ਅਧਿਆਪਕ ਦਾ ਵਾਹ ਉਨ੍ਹਾਂ ਲੋਕਾਂ ਨਾਲ ਵੀ ਪੈਂਦਾ ਜੋ ਅਧਿਆਪਕ ਨੂ ਨਿੱਜੀ ਤੌਰ ਤੇ ਨਹੀਂ ਜਾਣਦੇ ਤੇ ਨਾ ਹੀ ਅਧਿਆਪਕ ਉਨ੍ਹਾਂ ਨੂ ਜਾਣਦਾ ਹੈ। ਇਨ੍ਹਾਂ ਲੋਕਾਂ ਨਾਲ ਗੱਲਬਾਤ ਅਤੇ ਵਰਤ ਵਰਤਾਰਾ ਬੜੇ ਸੰਕੋਚ, ਸੰਜਮ ਤੇ ਸਲੀਕੇ ਨਾਲ ਕਰਨਾ ਚਾਹੀਦਾ ਹੈ। ਬਿਨਾਂ ਕਾਰਨ ਐਂਵੇਂ ਹੀ ਕਿਸੇ ਦੀ ਗੱਲਬਾਤ ਜਾਂ ਮਸਲੇ ਵਿੱਚ ਦਖਲ ਅੰਦਾਜੀ ਨਾ ਕੀਤੀ ਜਾਵੇ ਤੇ ਜੇ ਬਹੁਤ ਜ਼ਰੂਰੀ ਹੋਵੇ ਤਾਂ ਸੋਚ ਸਮਝ ਕੇ ਗੱਲਬਾਤ ਕੀਤੀ ਜਾਵੇ। ਮਾੜੀ/ਗੰਦੀ ਭਾਸ਼ਾ ਤੇ ਮਾੜੀ ਹਰਕਤ ਜਾਂ ਇਸ਼ਾਰੇ ਆਦਿ ਤੋਂ ਪੂਰੀ ਤਰ੍ਹਾਂ ਪਰਹੇਜ਼ ਕੀਤਾ ਜਾਵੇ।

5. ਫੁਟਕਲ ਵਿਚਾਰ (Miscellaneous ideas)

1. ਸਰੀਰਕ ਆਰਾਮ ਅਤੀ ਜ਼ਰੂਰੀ ਹੈ। ਇਸ ਲਈ ਸਰੀਰਕ ਲੋੜ ਅਨੁਸਾਰ ਪੂਰੀ ਨੀਂਦ ਸੌਣਾ ਚਾਹੀਦਾ ਹੈ। ਜੋ ਘੱਟ ਸੌਂਦੇ ਹਨ, ਉਨ੍ਹਾਂ ਦੇ ਦਿਮਾਗ ਤਰੋ ਤਾਜਾ (refresh) ਨਹੀਂ ਹੁੰਦੇਤੇ ਉਹ ਭੰਬਲਭੂਸੇ (confuse) ਵਿੱਚ ਰਹਿੰਦੇ ਹਨ ਅਤੇ ਚੰਗੀ ਤਰ੍ਹਾਂ ਪੜ੍ਹ ਪੜ੍ਹਾਨਹੀਂ ਸਕਦੇ। ਇਸ ਲਈ ਰਾਤੀਂ ਜਲਦੀ ਸੌਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

2. ਸਵੇਰੇ ਅੰਮ੍ਰਿਤ ਵੇਲੇ ਜਲਦੀ ਜਾਗ ਕੇ ਇਸ਼ਨਾਨ, ਨਾਮ ਬਾਣੀ ਤੇ ਨਿਤਨੇਮ ਪੂਰਾ ਕਰਕੇ ਫਿਰ ਤੋਂ ਭਾਵੇਂ ਥੋੜਾ ਜਿਹਾ ਆਰਾਮ ਕਰ ਲਿਆ ਜਾਵੇ।

3. ਦੁਬਾਰਾ ਉਠ ਕੇ ਆਪਣਾ ਵਿਸ਼ਾ ਪੜ੍ਹਨ ਲਿਖਣ ਤੋਂ ਬਿਨਾਂ ਸਮਾਂ ਅਖਬਾਰ ਪੜ੍ਹਨ, ਫਜ਼ੂਲ ਗੱਲਾਂ ਕਰਨ ਜਾਂ ਕਿਸੇ ਹੋਰ ਕੰਮ ਵਿੱਚ ਨਾ ਲਾਇਆ ਜਾਵੇ। ਇੱਕ ਘੰਟੇ ਵਾਸਤੇ ਘੱਟ ਤੋਂ ਘੱਟ ਬੋਲਿਆ ਜਾਵੇ।

4. ਅਸਬੰਧਤ ਮਸਲੇ (Unrelated matters)

ਜਿਹੜੇ ਕਾਰਜ ਕਰਮ ਹਵਾ, ਪਾਣੀ, ਮੀਂਹ, ਸਰਦੀ, ਗਰਮੀ, ਜੰਮਣ ਮਰਨ ਆਦਿ ਕੁਦਰਤ ਦੀਆਂ ਸ਼ਕਤੀਆਂ ਨੇ ਕਰਨੇ ਹਨ ਉਹ ਸਾਡੇ ਵੱਸ ਤੋਂ ਬਾਹਰ ਦੀ ਗੱਲ ਹੈ। ਚਾਹੇ ਸਾਨੂ ਕੁੱਝ ਚੰਗਾ ਲਗੇ ਜਾਂ ਮਾੜਾ ਲਗੇ, ਇਹ ਸਾਨੂ ਚੰਗੀ ਤਰ੍ਹਾਂ ਪਤਾ ਹੈ ਕਿ ਅਸੀਂ ਕਰ ਕੁਝ ਵੀ ਨਹੀਂ ਸਕਦੇ। ਇਸ ਲਈ ਇਨ੍ਹਾਂ ਕੁਦਰਤੀ ਸ਼ਕਤੀਆਂ ਤੇ ਇਨ੍ਹਾਂ ਨੂ ਬਣਾਉਣ ਵਾਲੇ ਰੱਬ ਜੀ, ਪ੍ਰਮਾਤਮਾ ਨੂ ਬੁਰਾ ਭਲਾ ਕਹਿਣਾ, ਗੁੱਸੇਹੋ ਹੋ ਕੇ ਖਿੱਝਣਾ, ਰੋਣਾ ਪਿੱਟਣਾ ਤੇ ਰੱਬ ਜੀ/ਪ੍ਰਮਾਤਮਾ ਨੂ ਆਪਣੀਆਂ ਮਨ ਮੱਤੀਆਂ ਸਲਾਹਾਂ ਦੇਣੀਆਂ ਤੇ ਟਿਪਣੀਆਂ (comments) ਕਰਨੀਆਂ, ਸਮਾਂ ਬਰਬਾਦ ਕਰਨ, ਮਨ ਦੀ ਸ਼ਾਂਤੀ ਭੰਗ ਕਰਨ ਅਤੇ ਆਪਣੀ ਸੀਮਾ ਰੇਖਾ (jurisdiction) ਤੋਂ ਬਾਹਰ ਜਾਣ ਵਾਲੀ ਗੱਲ ਹੈ ਜਿਸਦਾ ਲਾਭ ਕੋਈ ਹੋਣਾ ਨਹੀਂ ਪਰ ਨੁਕਸਾਨ ਜ਼ਰੂਰ ਹੋ ਜਾਂਦਾ ਹੈ।

5. ਦੂਰ ਸਬੰਧਤ ਮਸਲੇ (Distant matters)

ਕੁਝ ਗੱਲਾਂ/ਮਸਲੇ ਸਿਆਸਤ,ਸਮਾਜਕ,ਭਾਈਚਾਰਕ, ਰਿਸ਼ਤੇਦਾਰਕ ਅਤੇ ਮਿੱਤਰ ਮੰਡਲ ਬਾਰੇ ਹੁੰਦੀਆਂਹਨ। ਜਿਨ੍ਹਾਂ ਦਾ ਸਾਡੇ ਨਾਲ ਸਬੰਧ ਤਾਂ ਹੈ ਪਰ ਬਹੁਤਾ ਨੇੜਲਾ ਨਹੀਂ। ਇਨ੍ਹਾਂ ਦਾ ਸਿੱਧੇ ਤੌਰ ਤੇ ਸਾਨੂ ਕੋਈ ਫਾਇਦਾ ਨੁਕਸਾਨ ਨਹੀਂ ਹੁੰਦਾ ਪਰ ਪਤਾ ਨਹੀਂ ਕਿਉਂ, ਅਸੀਂ ਅਜਿਹੇ ਦੂਰ ਸਬੰਧਤ ਮਸਲਿਆਂ ਵਿਚੱ ਡੂੰਘੀਦਿਲਚਸਪੀ ਰੱਖਦੇ ਹਾਂ। ਤਰ੍ਹਾਂ ਤਰ੍ਹਾਂ ਦੇ ਸੁਝਾਅ ਦੇਂਦੇ ਹਾਂ ਤੇ ਭਾਂਤੋ-ਭਾਂਤ ਬੋਲਦੇ ਹਾਂ। ਆਹ ਇਉਂ ਹੋਣਾ ਚਾਹੀਦਾ ਹੈ ਉਹ ਇਉਂ ਹੋਣਾ ਚਾਹੀਦਾ ਹੈ। ਫਲਾਣੇ ਨੂ ਇਹ ਨਹੀਂ

ਕਹਿਣਾ ਚਾਹੀਦਾ, ਉਹ ਨਹੀਂ ਕਹਿਣਾ ਚਾਹੀਦਾ ਉਸਨੂ ਇਉਂ ਕਰਨਾ ਚਾਹੀਦਾ, ਇਉਂ ਨਹੀਂ ਕਰਨਾ ਚਾਹੀਦਾ ਆਦਿ - ਸਾਡੀਆਂ ਬੇਤੁਕੀਆਂ ਸਲਾਹਾਂ ਦੀ ਲਿਸਟ ਲੰਬੀ ਹੁੰਦੀਚਲੀ ਜਾਂਦੀ ਹੈ।

ਮਿਸਾਲ ਵੱਜੋਂ ਇੱਕ ਪਤੀ ਰੋਜ਼ਾਨਾ ਸਵੇਰੇ ਸ਼ਾਮ ਆਪਣੀ ਪਤਨੀ ਨਾਲ ਰਸੋਈ ਵਿੱਚ ਘਰੇਲੂ ਕੰਮ ਕਾਜ ਕਰਦਾ ਹੈ। ਉਸਦੇ ਦੋਸਤ ਮਿੱਤਰ ਬੜੇ ਸੁਆਦ ਲਾ ਲਾ ਕੇ ਗੱਲਾਂ ਕਰ ਰਹੇ ਹਨ – "ਘਰਵਾਲੀ ਦਾ ਨੌਕਰ ਬਣ ਗਿਆ ਹੈ, ਉਹ ਹੁਕਮ ਚਲਾਉਂਦੀ ਹੈ ਤੇ ਇਹ ਉਸਦਾ ਗੁਲਾਮ ਹੈ" ਤੇ ਹੋਰ ਕਿੰਨਾ ਕੁਝ ਊਲ ਜਲੂਲ ਬੋਲਿਆ ਜਾ ਰਿਹਾ ਸੀ। ਮੈਂ ਹੌਲੀ ਜਿਹੀ ਨਿਮਰਤਾ ਸਹਿਤ ਪੁਛਿਆ, "ਕੀ ਦੋਹਾਂ ਪਤੀ ਪਤਨੀ ਵਿਚੋਂ ਕਿਸੇ ਇੱਕ ਨੇ ਤੁਹਾਡੇ ਪਾਸ ਕੋਈ ਸ਼ਿਕਾਇਤ/ਇਤਰਾਜ਼ ਕੀਤਾ ਹੈ" ਸਭ ਚੁਪ ਹੋ ਗਏ ਉਤਰ ਮਿਲਿਆ, "ਨਹੀਂ।" "ਤਾਂ ਫਿਰ ਤੁਸੀਂ ਉਨ੍ਹਾਂ ਤੇ ਬੇਲੋੜੀਆਂ ਊਜਾਂ ਕਿਉਂ ਲਾ ਰਹੇ ਹੋ।" "ਨਹੀਂ ਅਸੀਂ ਤਾਂ ਵੈਸੇ ਹੀ ਸਰਸਰੀ ਗੱਲਾਂ ਕਰ ਰਹੇ ਹਾਂ" ਸੋਚੋ, ਇਹੋ ਜਿਹੀ ਝੂਠੀ ਨਿੰਦਾ ਕਰਨ ਦਾ ਕੀ ਮਤਲਬ? ਅਸੀਂ ਅਕਸਰ ਅਜਿਹੀ ਕਿਸਮ ਦੀਆਂ ਊਲ-ਜਲੂਲ-ਫਜ਼ੂਲ ਗੱਲਾਂ ਵਿੱਚ ਉਲਝ ਕੇ ਆਪਣੇ ਜੀਵਨ ਦਾ ਕੀਮਤੀ ਸਮਾਂ ਨਸ਼ਟ ਕਰਦੇ ਰਹਿੰਦੇ ਹਾਂ ਅਤੇ ਪਰਾਈ ਨਿੰਦਾ ਕਰਨ ਦਾ ਗੁਨਾਹ/ਪਾਪ ਆਪਣੇ ਸਿਰ ਲੈਂਦੇ ਰਹਿੰਦੇ ਹਾਂ। ਅਜਿਹੀਆਂ ਗੱਲਾਂ, ਚਰਚਾਵਾਂ, ਨਿੰਦਾ ਵੱਤ ਛੇੜ ਛੇੜਾਵਾਂ ਤੋਂ ਸਾਨੂ ਬੜੀ ਸਖਤੀ ਨਾਲ ਪਰਹੇਜ਼ ਕਰਨ ਦੀ ਲੋੜ ਹੈ।

6. **ਨੇੜ ਸਬੰਧਤ ਮਸਲੇ** (closely related matters)

ਕਈ ਗੱਲਾਂ, ਮਸਲੇ, ਸਮਸਿਆਵਾਂ ਸਾਡੇ ਆਪਣੇ ਪਰਿਵਾਰ-ਬੱਚਿਆਂ, ਪਤੀ-ਪਤਨੀ, ਭੈਣ-ਭਰਾ ਤੇ ਮਾਤਾ-ਪਿਤਾ ਨਾਲ ਸਬੰਧਤ ਹੁੰਦੀਆਂਹਨ। ਇਨ੍ਹਾਂ ਦਾ ਸਾਡੇ ਨਾਲ ਨੇੜੇ ਦਾ ਸਿੱਧਾ ਸਬੰਧ ਹੁੰਦਾਹੈ। ਹੁਣ ਸਾਡਾ ਫ਼ਰਜ਼ ਬਣਦਾ ਹੈ ਕਿ ਅਸੀਂ ਪੂਰਾ ਧਿਆਨ ਦੇਈਏ ਤੇ ਲੋੜ ਅਨੁਸਾਰ ਯਤਨਸ਼ੀਲ ਹੋਈਏ। ਮਿਸਾਲ ਵਜੋਂ ਆਪਣੇ ਬੱਚਿਆਂ ਦੀ ਪੜ੍ਹਾਈ। ਪਰ ਸਾਵਧਾਨ! ਖਿਆਲ ਰਹੇ ਕਿ ਅਜਿਹੇ ਸਮੇਂ ਸਾਡੇ ਤੋਂ ਕੋਈ ਅਯੋਗ ਮਾੜਾ ਕਰਮ ਕੁਕਰਮ ਨਾ ਹੋ ਜਾਵੇ ਜਿਸ ਵਾਸਤੇ ਸਾਨੂ ਪਿੱਛੋਂ ਸ਼ਰਮਸਾਰ ਹੋਣਾ ਪਵੇ ਤੇ ਪਛਤਾਉਣਾ ਪਵੇ। ਜਿਵੇਂ ਆਪਣੇ ਬੱਚਿਆਂ ਦੀ ਪੜ੍ਹਾਈ ਦੌਰਾਨ ਆਪਣੇ ਬੱਚਿਆਂ ਨੂ ਇਮਤਿਹਾਨਾਂ ਵਿੱਚ ਨਕਲ ਕਰਾਉਣੀ। ਆਪਣੇ ਸਹਿਯੋਗੀਆਂ ਨਾਲ ਮੇਲ-ਮਿਲਾਪ ਕਰਕੇ ਨੰਬਰ ਲਵਾਉਣੇ। ਕੁਝ ਕੁ ਅਧਿਆਪਕਾਂ ਵੱਲੋਂ ਅਜਿਹੇ ਭੈੜੇ ਕਰਮ ਕਰਨ ਕਰਾਉਣ ਕਰਕੇ ਸਾਰੇ ਅਧਿਆਪਕ ਜਗਤ ਨੂ ਕੁੱਲ ਦੁਨੀਆਂ ਸਾਮਣੇ ਸ਼ਰਮਸਾਰ ਹੋਣਾ ਪੈ ਰਿਹਾ ਹੈ। ਇਸ ਬੁਰਾਈ ਵੱਲੋਂ ਸਾਨੂੰ ਸਾਰਿਆਂ ਨੂ ਬਹੁਤ ਗੰਭੀਰਤਾ ਨਾਲ ਧਿਆਨ ਦੇਣ ਦੀ ਲੋੜ ਹੈ।

7. **ਨਿੱਜੀ ਮਸਲੇ** (Personal Matters)

ਖਾਣਾ ਪੀਣਾ, ਉਠਣਾ ਬੈਠਣਾ, ਪਹਿਨਣਾ, ਸੌਣਾ ਜਾਗਣਾ, ਤੁਰਨਾ ਫਿਰਨਾ, ਵੇਖਣਾ, ਸੁਣਨਾ, ਬੋਲਣਾ, ਸੋਚਣਾ, ਪੜ੍ਹਨਾ, ਕਿਰਤ ਕਰਮ ਕਰਨਾ ਆਦਿ ਅਤੇ ਮਨੋ ਬਿਰਤੀਆਂ ਸਬਰ, ਸੰਤੋਖ, ਧੀਰਜ, ਦਇਆ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਤ੍ਰਿਸ਼ਨਾ ਆਦਿ ਸਾਡੇ ਨਿੱਜੀ ਮਸਲੇ ਹਨ। ਨਿੱਜੀ ਗੱਲਾਂ, ਮਸਲਿਆਂ ਤੇ ਸਮਸਿਆਵਾਂ ਦਾ ਸਬੰਧ ਸਾਡੇ ਆਪਣੇ ਆਪ ਨਾਲ ਹੁੰਦਾਹੈ ਪਰ ਇਨ੍ਹਾਂ ਦਾ ਅਸਰ ਦੂਸਰਿਆਂ (ਖਾਸ ਤੌਰ ਤੇ ਵਿਦਿਆਰਥੀਆਂ) ਤੇ ਵੀ ਪੈਂਦਾ ਹੈ।

ਹੈਰਾਨੀ ਤੇ ਅਫਸੋਸ ਦੀ ਗੱਲ ਇਹ ਹੈ ਕਿ ਅਸੀਂ ਨਿੱਜੀ ਮਸਲਿਆਂ ਵੱਲ ਬਿਲਕੁਲ ਧਿਆਨ ਨਹੀਂ ਦੇਂਦੇ ਅਤੇ ਅਸਬੰਧਤ ਤੇ ਦੂਰ ਸਬੰਧਤ ਮਸਲਿਆਂ ਵਿੱਚ ਹੀ ਉਲਝੇ ਰਹਿੰਦੇ ਹਾਂ। ਅਸਲ ਵਿੱਚ ਨਿੱਜੀ ਮਸਲਿਆਂ ਨਾਲ ਨਜਿੱਠਣਾ ਤੇ ਦੋ ਚਾਰ ਹੋਣਾ ਹੀ ਸਫਲਤਾ ਵੱਲ ਕਦਮ ਵਧਾਉਣਾ ਹੈ। ਨਿੱਜੀ ਮਸਲਿਆਂ ਦੇ ਹੱਲ ਕਿਵੇਂ ਤੇ ਕਿੱਥੋਂ ਮਿਲ ਸਕਦੇ ਹਨ? ਇਮਾਨਦਾਰੀ

ਤੇ ਸੁਹਿਰਦਤਾ ਨਾਲ ਜੇ ਸ੍ਰੀ ਗੁਰੂ ਗ੍ਰੰਥਸਾਹਿਬ ਜੀ ਤੋਂ ਅਗਵਾਈ ਲਈ ਜਾਵੇ ਤਾਂ ਗੱਲ ਬਣ ਸਕਦੀ ਹੈ। ਇਸ ਲਈ ਸਾਨੂ ਯੱਤਨ ਕਰਨਾ ਚਾਹੀਦਾ ਹੈ ਕਿ ਅਸੀਂ ਸ੍ਰੀ ਗੁਰੂ ਗ੍ਰੰਥਸਾਹਿਬ ਜੀ ਦੀ ਵਿਚਾਰਧਾਰਾ ਨੂ ਚੰਗੀ ਤਰ੍ਹਾਂ ਸਮਝ ਕੇ ਅਪਣਾ ਲਈਏ। ਇਸ ਤਰ੍ਹਾਂ ਸਾਡੇ ਸਾਰੇ ਮਸਲੇ/ਸਮਸਿਆਵਾਂ ਖੁਦ-ਬਖੁਦ (ਆਪਣੇ ਆਪ) ਹੱਲ ਹੋ ਜਾਣਗੇ।

ਆਦਰਸ਼ਕ, ਆਕਰਸ਼ਕ, ਅਧਿਆਪਕ ਇਉਂ ਕਹਾਵੇ।

ਪਹਿਲੇ ਆਪ ਅਪਣਾਵੇ, ਫਿਰ ਬੱਚਿਆਂ ਨੂ ਸੰਮਝਾਵੇ,

ਗੁਰੂ ਲੜ ਲੱਗ ਨਾਮ ਧਿਆਵੇ, ਤੇ ਸਭ ਨੂ ਪ੍ਰੰਰਭਾਵੇ,

ਆਦਰਸ਼ਕ, ਆਕਰਸ਼ਕ, ਅਧਿਆਪਕ ਇਉਂ ਕਹਾਵੇ।

ਆਪੇ ਆਪਣਾ ਗਿਆਨ ਵਧਾਵੇ, ਤਾਂ ਫਿਰ ਉਠ ਵੰਡਣ ਜਾਵੇ,

ਪ੍ਰੇਮ ਕਰੇ, ਮੋਹ ਮਨ ਨ ਲਾਵੇ, ਹਉਮੈ ਵਿੱਚ ਕਦੇ ਨਾ ਆਵੇ,

ਆਦਰਸ਼ਕ, ਆਕਰਸ਼ਕ, ਅਧਿਆਪਕ ਇਉਂ ਕਹਾਵੇ।

ਪਰ ਤਨ, ਪਰ ਧਨ ਦੇ ਨੇੜ ਨਾ ਜਾਵੇ, ਨਿੰਦਾ ਸੁਣੇ ਨਾ ਕਰੇ ਕਰਾਵੇ

ਔਗੁਣ ਛੋਡ ਗੁਣਾਂ ਨੂ ਧਾਵੇ, ਬੁਰਾ ਕਿਸੇ ਨਾ ਕਹੈ ਕਹਾਵੇ,

ਆਦਰਸ਼ਕ, ਆਕਰਸ਼ਕ, ਅਧਿਆਪਕ ਇਉਂ ਕਹਾਵੇ।

ਮਿੱਠਾ ਬੋਲ, ਮਿੱਠਤ ਫ਼ਲਾਵੇ, ਕੁੜੱਤਣ ਨੂ ਦੂਰ ਭਜਾਵੇ,

ਸਭ ਨੂ ਪ੍ਰੇਮ ਕਰੇ ਗੱਲ ਲਾਵੇ, ਸਭ ਭਲਾ ਕਹਿਣ ਤੇ ਆਦਰ ਪਾਵੇ,

ਆਦਰਸ਼ਕ, ਆਕਰਸ਼ਕ, ਅਧਿਆਪਕ ਇਉਂ ਕਹਾਵੇ।

ਦੂਖ ਨਿਵਾਰਨ, ਨਾਮ ਧਿਆਵਨ ਅਤੇ ਪ੍ਰਭੂ ਦਰ ਦੇ ਦੀਦਾਰ ਕਰਨ ਹਿਤ

ਆਓ! ਨਿਤ-ਨਿਤ ਕਰੀਏ

# ਵਡਿਆਈ ਵੀਚਾਰੁ

ਜਪੁ ਜੀ ਸਾਹਿਬ ਵਿਚ ਸਾਨੂ ਹੁੰਕਮ ਹੈ:-

ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥

ਭਾਵ ਪ੍ਰਭਾਤ ਵੇਲੇ, ਜਦੋਂ ਸਾਡਾ ਮਨ ਸੰਸਾਰਕ ਕੁਫਕੜਿਆਂ ਤੇ ਝਮੇਲਿਆਂ ਤੋਂ ਮੁਕਤ ਹੁੰਦਾਹੈ, ਅਜਿਹੇ ਸਮੇਂ ਸਦਾ ਥਿਰ ਰਹਿਣ ਵਾਲੇ ਸਚੇ ਪ੍ਰਭੂ ਦਾ ਨਾਮ ਸਿਮਰੀਏ ਅਤੇ ਉਸ ਦੀਆਂ ਵਡਿਆਈਆਂ ਦੀ ਵੀਚਾਰ ਕਰੀਏ। ਸੋਚੀਏ, ਚਿੰਤਨ ਤੇ ਮਨਨ ਕਰੀਏ ਕਿ ਪ੍ਰਭੂ ਦੇ ਗੁਣ ਕੀ ਕੀ ਹਨ? ਗੁਰਸ਼ਬਦ ਦੇ ਅਰਥ ਕੀ ਹਨ? ਭਾਵ ਅਰਥ ਕੀ ਹਨ? ...

1. ਵਡਿਆਈ ਵੀਚਾਰੁ ਕੀ ਹੈ?

ਵੀਚਾਰ ਦਾ ਭਾਵ ਹੁੰਦਾਹੈ - ਅਸਲੀਅਤ ਤੱਕ ਪੁੱਜਣਦੀ ਕ੍ਰਿਆ। 'ਵਡਿਆਈ ਵੀਚਾਰੁ' ਭਾਵ ਪ੍ਰਭੂ ਦੀ ਸੋਭਾ ਕਰਨੀ, ਗੁਰਬਾਣੀ ਨੂ ਸੰਮਝਨਾ, ਵੀਚਾਰਨਾ, ਮਨ-ਬੁਧਿ ਦੇ ਤਲ ਤੋਂ ਹੋਰ ਗਹਿਰਾ ਜਾ ਕੇ ਅਨੁਭਵ ਦੀ ਅਵਸਥਾ ਤੇ ਬਾਣੀ ਦੇ ਅਰਥਾਂ ਰਾਹੀਂ ਸਚੇ ਪ੍ਰਭੂ ਦਾ ਗੁਣਗਾਨ ਕਰਨਾ, ਸਮਝ-ਸਮਝ ਕੇ ਸਿਫਤਿ ਸਾਲਾਹ ਕਰਨੀ।

2. ਵਡਿਆਈ ਵੀਚਾਰੁ ਕਿਉਂ ਜਰੂਰੀ ਹੈ?

ਸਾਨੂ ਹੁੰਕਮ ਹੈ ਕਿ ਅੰਮ੍ਰਿਤ ਵੇਲੇ ਵਡਿਆਈ ਵੀਚਾਰੁ ਕਰੋ। ਅੱਜ ਅਸੀਂ ਅੰਮ੍ਰਿਤ ਵੇਲੇ ਕੀਰਤਨ ਕਰਦੇ ਹਾਂ, ਸੁਣਦੇ ਹਾਂ, ਨਿਤਨੇਮ ਦੇ ਪਾਠ ਕਰਦੇ ਹਾਂ, 'ਆਸਾ ਕੀ ਵਾਰ' ਦਾ ਕੀਰਤਨ ਕਰਦੇ ਹਾਂ ਪਰ ਵਡਿਆਈ ਵੀਚਾਰੁ ਤਾਂ ਕਰਦੇ ਹੀ ਨਹੀਂ।

ਚਾਹੀਦਾ ਤਾਂ ਇਹ ਸੀ ਕਿ ਕੀਰਤਨ ਰਾਹੀਂ, ਨਿਤਨੇਮ ਰਾਹੀਂ ਵਡਿਆਈ

ਵੀਚਾਰੁ ਕੀਤੀ ਜਾਂਦੀ ਪਰ ਸੱਚ ਇਹ ਹੈ ਕਿ ਸ਼ਬਦ ਗਾਏ ਜਾ ਰਹੇ ਹਨ, ਸੁਣੇ ਜਾ ਰਹੇ ਹਨ, ਪਾਠ ਕੀਤੇ ਜਾਂਦੇ ਹਨ ਪਰ ਵਡਿਆਈ ਵੀਚਾਰੁ ਨਹੀਂ ਹੋ ਰਹੀ। ਸਾਨੂ ਪੰਤਾ ਹੀ ਨਹੀਂ ਲੱਗਦਾ ਕਿ ਅਸੀਂ ਕੀ ਪੜ੍ਹ ਰਹੇ ਹਾਂ? ਕੀ ਗਾ ਰਹੇ ਹਾਂ? ਕੀ ਸੁਣ ਰਹੇ ਹਾਂ? ਅੰਤਰੀਵ ਭਾਵ ਕੀ ਹਨ?

3. ਇੱਕ ਸਫਲ ਤਜ਼ਰਬਾ - ਇੱਕ ਢੰਗ

ਪਿਛਲੇ ਕੁੱਝਸਮੇਂ ਤੋਂ ਲੁਧਿਆਣਾ ਵਿਖੇ 5-6 ਵੀਰਾਂ/ਭੈਣਾਂ ਵੱਲੋਂ 'ਵਡਿਆਈ ਵੀਚਾਰੁ' ਕਰਨ ਦਾ ਇੱਕ ਤਜ਼ਰਬਾ ਕੀਤਾ ਜਾ ਰਿਹਾ ਹੈ। ਕਿਵੇਂ?

1. ਅੰਮ੍ਰਿਤ ਵੇਲੇ ਕੇਵਲ ਅੱਧੇ ਘੰਟੇ ਲਈ ਜੁੜ ਬੈਠਦੇ ਹਨ। ਕੋਈ ਹੋਰ ਉਚੇਚ ਨਹੀਂ ਕਰਦੇ - ਪ੍ਰਕਾਸ਼, ਪ੍ਰਸ਼ਾਦ, ਵਿਛਾਈ...। ਕਿਸੇ ਵੀ ਮੇਜ ਦੇ ਆਲੇ-ਦੁਆਲੇ ਜਾਂ ਜ਼ਮੀਨ ਤੇ ਸਰਕਲ ਬਣਾ ਕੇ ਬੈਠ ਜਾਂਦੇ ਹਨ।

2. ਸਭਨਾਂ ਨੂ ਸ੍ਰੀ ਗੁਰੂ ਗ੍ਰੰਥਸਾਹਿਬ ਸਟੀਕ ਦੀ ਇੱਕ ਇੱਕ ਪੋਥੀ ਦੇ ਦਿੰਦੇ ਹਨ।

3. ਲੜੀਵਾਰ ਇੱਕ-ਇੱਕ ਸ਼ਬਦ ਦੇ ਅਰਥ ਕੋਈ ਇੱਕ ਵੀਰ/ਭੈਣ ਪੜ੍ਹਦਾ ਹੈ ਤੇ ਬਾਕੀ ਸੱਜਣ ਕੇਵਲ ਸੁਣਦੇ ਹੀ ਨਹੀਂ ਸਗੋਂ ਸੁਆਲ ਵੀ ਪੁਛਦੇ ਹਨ ਤੇ ਆਪਣੇ ਵੀਚਾਰ ਵੀ ਦਸਦੇ ਹਨ।

4. ਲੋੜ ਪੈਣ ਤੇ ਸਟੀਕਾਂ ਵਿਚ ਔਖੇ ਸ਼ਬਦਾਂ ਦੇ ਅਰਥ underline ਕਰ ਲੈਂਦੇ ਹਨ ਜਾਂ ਆਪਣੇ ਨੋਟਸ ਵੀ ਨਾਲ-ਨਾਲ ਲਿਖ ਲੈਂਦੇ ਹਨ।

5. ਕੇਵਲ ਇੱਕ ਵੀਰ ਹੀ ਨਹੀਂ ਬੋਲਦਾ ਰਹਿੰਦਾ ਸਗੋਂ ਸਾਰੇ ਵਿਚਾਰ ਸਾਂਝੇ ਕਰਦੇ ਹਨ ਤੇ ਇਹ ਚਰਚਾ ਦਾ ਰੂਪ ਬਣ ਜਾਂਦਾ ਹੈ। ਹਾਂ, ਕੋਈ ਇੱਕ ਕੋਆਰਡੀਨੇਟਰ ਦੇ ਤੌਰ ਤੇ ਸਮੁੱਚੀਵਿਚਾਰ ਨੂ ਠੀਕ ਦਿਸ਼ਾ ਵੱਲ ਚਲਾਂਦਾ ਰਹਿੰਦਾ ਹੈ।

6. ਸਮਾਂ ਅੱਧਾ ਘੰਟਾ ਤੋਂ ਨਹੀਂ ਵਧਾਂਦੇ ਕਿਉਂਕਿ ਸਵੇਰ ਵੇਲੇ ਸਭਨਾਂ ਨੇ ਆਪੋ ਆਪਣੀ ਕਿਰਤ-ਵਿਰਤ ਲਈ ਵੀ ਜਾਣਾ ਹੁੰਦਾਹੈ। ਸਾਰੇ ਵੀਰ/ਭੈਣ ਅੰਮ੍ਰਿਤ ਵੇਲੇ ਨਿਤਨੇਮ ਆਪੋ ਆਪਣਾ ਕਰਕੇ ਆਉਦੇ ਹਨ ਜਾਂ ਲੇਟ ਹੋਣ ਤੇ ਆਪਣੇ ਘਰ ਜਾ ਕੇ ਸੰਪੂਰਨ ਕਰਦੇ ਹਨ।

7. ਵਡਿਆਈ ਵੀਚਾਰੁ ਦੀ ਆਰੰਭਤਾ 5 ਵਾਰੀ ਸ਼ਰਧਾ ਤੇ ਵੀਚਾਰ ਸਹਿਤ ਮੁਸਕੁਰਾ-ਮੁਸਕੁਰਾ ਕੇ ਮੂਲਮੰਤਰ ਤੇ ਗੁਰਮੰਤਰ ਦੇ ਜਾਪ ਕਰਕੇ ਕੀਤੀ ਜਾਂਦੀ ਹੈ।

8. ਕੁਝ ਮਿੰਟਾਂ ਲਈ ਪਿਛਲੇ ਦਿਨ ਦੀ ਕੀਤੀ ਵਿਚਾਰ ਦੀ ਪੁਨਰ ਚਰਚਾ (ਰਵਿਸਿਨ) ਕਰਦੇ ਹਨ ਫਿਰ ਨਵੇਂ ਸ਼ਬਦ ਦੀ ਵੀਚਾਰ ਕਰਦੇ ਹਨ। ਅੱਜਕਲ 22 ਵਾਰਾਂ ਦੀ ਲੜੀਵਾਰ ਵੀਚਾਰ ਚੱਲ ਰਹੀ ਹੈ। 'ਸਿਰੀਰਾਗ ਕੀ ਵਾਰ', 'ਮਾਝ ਕੀ ਵਾਰ', 'ਗੂਜਰੀ ਕੀ ਵਾਰ ਮਹਲਾ 4' ਤੇ 'ਗੂਜਰੀ ਕੀ ਵਾਰ ਮਹਲਾ 5' ਦੀ ਵੀਚਾਰਾਂ ਉਪਰੰਤ ਹੁਣ 'ਆਸਾ ਕੀ ਵਾਰ' ਦੀ ਵੀਚਾਰ ਚਲ ਰਹੀ ਹੈ।

ਇਹਨਾਂ ਸਭਨਾਂ ਦਾ ਰੋਜ਼ਾਨਾ ਦਾ ਭੋਜਨ ਬਣ ਗਿਆ ਹੈ ਕਿ ਨਵਾਂ ਗਿਆਨ ਮਿਲੇ, ਨਵੀਂ ਗੱਲ ਸਮਝ ਆਵੇ।

4. ਅਨੁਭਵ: ਇੰਝ ਵੱਖ-ਵੱਖ ਮੈਂਬਰਾਂ ਨੂ ਕਮਾਲ ਦੇ ਅਨੁਭਵ ਹੋ ਰਹੇ ਹਨ, ਜਿਵੇਂ:-

· ਸਤਿਗੁਰੁ ਜਿਨੀ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ ॥

ਅੰਤਰਿ ਗਿਆਨੁ ਨ ਆਇਓ ਮਿਰਤਕੁ ਹੈ ਸੰਸਾਰਿ ॥ (ਅੰਗ 88)

ਕਮਾਲ! ਕਮਾਲ!! ਸਮਝ ਆਈ ਕਿ ਸ਼ਬਦ ਦੀ ਵੀਚਾਰ ਕਰਨੀ ਵੀ ਸਤਿਗੁਰ ਦੀ ਸੇਵਾ ਹੈ। ਵੀਚਾਰੁ ਹੀ ਸਤਿਗੁਰ ਦੀ ਸੇਵਾ ਹੈ ਅਤੇ ਜਦ ਤਕ ਵੀਚਾਰੁ ਨਹੀਂ ਕੀਤੀ ਤਦ ਤੱਕ ਅੰਦਰ ਗਿਆਨ ਨਹੀਂ ਆਏਗਾ, ਚਾਨਣ ਨਹੀਂ ਹੋਏਗਾ ਤੇ ਇਉਂ ਜਾਣੀਏ ਕਿ ਜੀਓਂਦੇ ਜੀਅ ਮਰੇ ਵਾਂਗ ਹੋਵਾਂਗੇ। ਕੋਈ ਚਾਅ ਨਹੀਂ, ਅਨੰਦ ਨਹੀਂ, ਹਰ ਵੇਲੇ ਚਿੰਤਾ, ਘਬਰਾਹਟ, ਤੌਖਲਾ...।

ਵਡਿਆਈ ਵੀਚਾਰੁ ਰਾਹੀਂ ਟਿਕਾਅ ਤੇ ਸਹਿਜ ਦੀਆਂ ਬਖਸ਼ਿਸ਼ਾਂ ਹੋਣਗੀਆਂ।

- ਮਾਇਆਧਾਰੀ ਅਤਿ ਅੰਨਾ ਬੋਲਾ...

ਮੈਂ ਹਾਲੀ ਤੱਕ ਇਹੀ ਸਮਝਦਾ ਸੀ ਕਿ ਜਿਸਦੇ ਕੋਲ ਬਹੁਤੀ ਮਾਇਆ ਹੁੰਦੀਹੈ ਓਹੀ ਅੰਨ੍ਹਾ ਤੇ ਬੋਲਾ ਹੁੰਦਾਹੈ। ਪਰ ਇਥੇ ਮਾਇਆਧਾਰੀ ਦਾ ਮਤਲਬ ਹੈ ਜਿਸਦੇ ਮਨ ਵਿਚ ਮਾਇਆ ਦਾ ਪਿਆਰ ਹੈ, ਮੋਹ ਹੈ। ਇੱਕ ਗਰੀਬ ਵੀ ਮਾਇਆਧਾਰੀ ਹੋ ਸਕਦਾ ਹੈ ਜੇਕਰ ਮਾਇਆ ਦੀ ਮਮਤਾ ਵੱਸ ਉਹ ਗੁਰੂ ਕਾ ਸ਼ਬਦ ਨਹੀਂ ਸੁਣਦਾ ਅਤੇ ਸਮਝਦਾ।

- ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ॥

ਪਹਿਲਾਂ ਸੋਚਦੇ ਸੀ ਕਿ ਜੀਵ ਨੰਗਾ ਆਇਆ ਹੈ ਤੇ ਨੰਗਾ ਹੀ ਇਸ ਸੰਸਾਰ ਤੋਂ ਚਲਾ ਜਾਏਗਾ।ਪਰ ਵਡਿਆਈ ਵੀਚਾਰ ਕਰਕੇ ਪਤਾ ਲਗਾ ਕਿ ਇਥੇ ਨੰਗਾ ਹੋਣ ਦਾ ਮਤਲਬ ਇਹ ਨਹੀਂ ਉਸਦੇ ਕੱਪੜੇ ਉਤਾਰ ਦਿਤੇ ਗਏ ਸਗੋਂ ਉਸਦੇ ਅਵਗੁਣਾਂ ਤੋਂ ਪਰਦੇ ਉਠਾ ਦਿਤੇ। ਉਸਦੇ ਅਵਗੁਣ ਜਦ ਸਭ ਨੂ ਦਿੱਸੇ ਤਾਂ ਉਹ ਭਿਆਨਕ ਤੇ ਡਰਾਉਣਾ ਪ੍ਰਤੀਤ ਹੋਣ ਲੱਗ ਪਿਆ।

- ਪੂਰਬਲੇ ਕਰਮ

ਮੈਂ ਹਾਲੀ ਤੱਕ ਸਮਝਦਾ ਸੀ ਕਿ ਪੂਰਬਲੇ ਕਰਮਾਂ ਦਾ ਅਰਥ ਹੈ ਪਿਛਲੇ ਜਨਮ ਵਿੱਚ ਕੀਤੇ ਕਰਮ। ਪਰ ਵਡਿਆਈ ਵੀਚਾਰ ਰਾਹੀਂ ਸੋਝੀ ਪਈ ਕਿ ਜੋ ਕਰਮ ਮੈਂ ਪਿਛਲੇ ਸਾਲ ਕੀਤੇ, ਕਲ ਕੀਤੇ ਜਾਂ ਹੁਣ ਤੋਂ ਦੋ-ਚਾਰ ਸੈਕਿੰਡ ਪਹਿਲਾਂ ਕੀਤੇ ਉਹ ਵੀ ਪੂਰਬਲੇ ਕਰਮ ਹਨ।

- ਵਡਿਆਈ ਵੀਚਾਰੁ ਨਾਲ ਮੇਰੀ ਆਤਮਾ ਬਲਵਾਨ ਹੋ ਗਈ ਹੈ। ਪਹਿਲਾਂ ਨਿੱਕੀ ਨਿੱਕੀ ਗੱਲ ਤੇ ਮੈਂ ਡੋਲ ਜਾਂਦੀ ਸੀ ਪਰ ਹੁਣ ਸਹਿਜੇ-ਸਹਿਜੇ ਸਹਿਜ ਆ ਰਿਹਾ ਹੈ ।

- ਵਡਿਆਈ ਵੀਚਾਰੁ ਰਾਹੀਂ ਮੇਰਾ ਮਨ ਵਿਕਾਰਾਂ ਵਾਲੇ ਪਾਸੇ ਜਾਣ ਤੋ ਬਚਿਆ ਰਹਿੰਦਾ ਹੈ।ਸਾਰਾ ਦਿਨ ਵਡਿਆਈ ਵੀਚਾਰੁ ਦੌਰਾਨ ਵਿਚਾਰਿਆ, ਸਮਝਿਆ ਕੋਈ ਨ ਕੋਈ ਫੁਰਮਾਨ ਗੁਣ ਗੁਣਾਂਦੇ ਰਹੀਦਾ ਹੈ ਸੋ ਖੇੜਾ ਬਣਿਆ ਰਹਿੰਦਾ ਹੈ। ਦਿਲ ਕਰਦੈ ਜਿੰਨੇ ਸੁਆਸ ਹਨ, ਹੁਣ ਤਾਂ ਵਡਿਆਈ ਵੀਚਾਰੁ ਕਦੇ ਨਾ ਛਡੀਏ। ਵੇਕਾਰੀ ਵੇੜ੍ਹਿਆ ਮਨ ਵੀ ਕਾਬੂ ਵਿਚ ਆਉਣ ਲੱਗ ਪਿਆ ਹੈ।

- ਵਡਿਆਈ ਵੀਚਾਰੁ ਰਾਹੀਂ ਮੈਨੂ ਆਪਣੀਆਂ ਗਲ੍ਹਤੀਆਂ ਪਤਾ ਲੱਗ ਰਹੀਆਂ ਹਨ। ਪਹਿਲਾਂ ਲੱਗਦਾ ਸੀ ਕਿ ਮੈਂ ਬਹੁਤ ਕੁਝ ਜਾਣਦੀ ਹਾਂ ਪਰ ਹੁਣ ਮੈਨੂ ਲੱਗਦਾ ਹੈ ਕਿ ਮੈਨੂ ਤਾਂ ਕੁਝ ਵੀ ਨਹੀਂ ਪਤਾ । ਪਹਿਲਾਂ ਮੇਰਾ ਸ਼ੀਸ਼ਾ ਧੁੰਦਲਾਸੀ, ਹੁਣ ਸਾਫ ਹੋ ਰਿਹਾ ਹੈ ।

- ਵਡਿਆਈ ਵੀਚਾਰੁ ਕੀਤੇ ਬਿਨਾਂ ਪਹਿਲਾਂ ਜਦ ਵੀ ਪਾਠ ਕਰਦਿਆਂ 'ਮਨਮੁਖਾ ਸ਼ਬਦ ਆਉਂਦਾ ਸੀ ਤੇ ਧਿਆਨ ਦੁਜਿਆਂ ਵੱਲ ਜਾਦਾ ਸੀ ਕਿ ਫਲਾਂ-ਫਲਾਂ ਤਾਂ 'ਮਨਮੁਖ' ਹੈ।ਪਰ ਹੁਣ ਲੱਗਦਾ ਮੇਰੇ ਆਪਣੇ ਵਿਚ ਹੀ ਕਿੰਨੇ ਅਉਗਣ ਹਨ।

- ਅੰਮ੍ਰਿਤ ਵੇਲੇ ਨਵਾਂ ਗਿਆਨ ਪ੍ਰਾਪਤ ਕਰਨ ਦੀ ਭੁੱਖਲੱਗਣ ਲੱਗ ਪਈ ਹੈ। ਮਨ ਨਾਲ ਝਗੜਾ ਸ਼ੁਰੂ ਹੋ ਗਿਆ ਹੈ।ਸਾਰਾ ਦਿਨ ਚੰਗੇ-ਮਾੜੇ ਦੀ ਵੀਚਾਰ ਚਲਦੀ ਰਹਿੰਦੀ ਹੈ ਤੇ ਆਪਣੀਆਂ ਗਲਤੀਆਂ ਦਾ ਅਹਿਸਾਸ ਤੁਰੰਤ ਹੋਣ ਲਗ ਪਿਆ ਹੈ।

· ਵਡਿਆਈ ਵੀਚਾਰੁ ਰਾਹੀਂ ਅਨੁਭਵ ਹੋ ਰਿਹਾ ਹੈ ਕਿ ਪ੍ਰਭੂ ਦੇ ਗੁਣਾਂ ਦੀ ਵੀਚਾਰ ਅਸੀਂ ਇਸ ਲਈ ਕਰਦੇ ਹਾਂ ਕਿ ਹੌਲੀ-ਹੌਲੀ ਉਹ ਗੁਣ ਸਾਡੇ ਅੰਦਰ ਵੀ ਵਸ ਜਾਣ। ਅਸਲ ਗੱਲ ਇਹ ਨਹੀਂ ਕਿ ਅਸੀਂ ਕਿੰਨੇ ਘੰਟੇ ਪਾਠ ਜਾ ਸਿਮਰਨ ਕੀਤਾ ਹੈ ਬਲਕਿ ਇਹ ਹੈ ਕਿ ਇੰਝ ਕਰਨ ਨਾਲ ਸਾਡੇ ਮਨ ਵਿਚ ਕਿੰਨੀ ਤਬਦੀਲੀ ਆਈ ਹੈ।ਹਰ ਪਲ, ਹਰ ਦਿਨ ਸਾਡਾ ਟੈਸਟ ਹੁੰਦਾਰਹਿੰਦਾ ਹੈ ।

· ਮਨ ਵਿਚ ਚਾਨਣ ਹੋ ਰਿਹਾ ਹੈ ਕਿ ਆਪਣੇ ਵਲੋਂ ਜੋ ਚੰਗਾ ਕਰ ਸਕਦੇ ਹੋ ਕਰ ਲਵੋ ਪਰ ਨਿਰਣਾ ਜੋ ਵੀ ਹੋਵੇ ਉਸਨੂੰ ਮਿੱਠਾ ਕਰਕੇ ਮੰਨੋ। ਹੁਕਮ ਨੂ ਮਜ਼ਬੂਰੀ ਵੱਸ ਨਹੀਂ, ਮਨਹਠ ਨਾਲ ਨਹੀਂ ਸਗੋਂ ਖੁਸ਼ੀ ਨਾਲ ਮੰਨ ਲਈਏ।

· ਹੁਣ ਜਦ ਵੀ ਗੁਰਦੁਆਰੇ ਜਾਂਦੇ ਹਾਂ ਜਾਂ ਪਾਠ ਕਰਦੇ ਹਾਂ ਤਾਂ ਉਠਣ ਲੱਗਿਆਂ ਜ਼ਰੂਰ ਇਹ ਵੀਚਾਰ ਚੱਲਦੀ ਹੈ ਅੱਜ ਮੈਂ ਕਿਹੜੀ ਨਵੀਂ ਗੱਲ ਸਿੱਖੀ ਹੈ, ਕੋਈ ਨ ਕੋਈ ਨਵੀਂ ਗੱਲ ਪੱਲੇ ਜ਼ਰੂਰ ਬੰਨ੍ਹਣੀ ਹੈ ।

· ਇਹ ਕਿੰਨੀ ਚੰਗੀ ਗੱਲ ਹੈ ਕਿ ਗੁਰੂ ਸਾਹਿਬ ਨੇ ਸਾਨੂ ਕੇਵਲ ਬੈਠ ਕੇ ਭਗਤੀ ਕਰਨ ਲਈ ਨਹੀਂ ਕਿਹਾ ਸਗੋਂ ਕੰਮ ਕਰਦਿਆਂ ਵੀ ਅਸੀਂ ਭਗਤੀ ਕਰ ਸਕਦੇ ਹਾਂ। ਸ਼ਬਦ ਦੀ ਵੀਚਾਰ ਕਰਨੀ ਹੀ 'ਤੀਰਥ ਨਾਵਣ' ਹੈ। ਰਾਮ ਦੇ ਦਾਸਾਂ ਦੀ ਸੰਗਤ ਕਰਨੀ ਹੀ 'ਰਾਮਦਾਸ ਸਰੋਵਰ ਨਾਤੇ' ਹੈ।

· ਵਡਿਆਈ ਵੀਚਾਰੁ ਰਾਹੀਂ ਫੁਰਨਾ ਫੁਰਿਆ ਹੈ ਕਿ ਅਸੀਂ ਥੋੜ੍ਹਾ ਬੋਲੀਏ, ਹੌਲੀ ਬੋਲੀਏ, ਠੀਕ ਬੋਲੀਏ।

ਆਪ ਸਭਨਾਂ ਨੂ ਬਿਨੈ ਹੈ ਕਿ ਆਓ, ਅਸੀਂ ਵੀ ਆਪੋ ਆਪਣੇ ਇਲਾਕੇ ਵਿਚ ਅਜਿਹਾ ਉਪਰਾਲਾ ਕਰੀਏ। ਹਰ ਰੋਜ਼ ਅੰਮ੍ਰਿਤ ਵੇਲੇ ਸ਼ਬਦ ਦੀ ਵਿਚਾਰ ਕਰੀਏ, ਵਡਿਆਈ ਵੀਚਾਰ ਕਰੀਏ - ਜੀਵਨ ਅਨੰਦ ਨਾਲ ਭਰ ਜਾਵੇਗਾ। ਗੁਰਬਾਣੀ ਰੂਪੀ ਸਮੁੰਦਰਦੇ ਕੰਢੇ ਹੀ ਨਾ ਬੈਠੇ ਰਹੀਏ ਸਗੋਂ ਚੁੱਭੀਆਂਲਾਈਏ, ਹੋਰ ਡੂੰਘੇ ਹੋਰ ਡੂੰਘੇਚੁੱਭੀਲਾਈਏ - ਵੱਧ, ਹੋਰ ਵੱਧ ਗਿਆਨ ਰੂਪੀ ਰਤਨ, ਜਵਾਹਰ, ਮਾਣਿਕ, ਮੋਤੀ ਮਿਲਣਗੇ।

ਵਿਸ਼ੇਸ਼ ਨੋਟ : - ਸ੍ਰੀ ਗੁਰੂ ਗ੍ਰੰਥਸਾਹਿਬ ਜੀ ਦੀ ਸਮੁੱਚੀਬਾਣੀ ਦਾ ਟੀਕਾ/ਸਟੀਕ ਵਰਤਨ ਲਈ ਆਪ ਜੀ ਪ੍ਰੋ: ਸਾਹਿਬ ਸਿੰਘ ਰਚਿਤ - ਸ੍ਰੀ ਗੁਰੂ ਗ੍ਰੰਥਸਾਹਿਬ ਦਰਪਣ ਜਾਂ ਭਾਈ ਵੀਰ ਸਿੰਘ ਜੀ ਰਚਿਤ ਟੀਕਾ ਜਾਂ ਕੋਈ ਵੀ ਹੋਰ ਗੁਰਮਤਿ ਅਨੁਸਾਰੀ ਟੀਕਾ ਵਰਤ ਸਕਦੇ ਹੋ। ਅਸਲ ਨਿਸ਼ਾਨਾ ਹੈ - 'ਵਿਚਾਰਾਂ ਰਾਹੀਂ ਅਨੁਭਵ ਤੱਕ ਪੁੱਜਣਾ

- ਰੇਣੁਕਾ ਸਰਬਜੀਤ ਸਿੰਘ

singh.renukass@gmail.com